Edit 4 Jan. 22.qxd 1/3/2022 8:12 PM Page 1



# ਅਜੀਤ

## ਵਿਚਾਰ-ਪ੍ਰਵਾਹ

*ਮਨੁੱਖ ਦੇ ਦ੍ਰਿੜ੍ਹ ਸੰਕਲਪ ਮੂਹਰੇ ਕੋਈ ਚੀਜ਼ ਅੜਿੱਕਾ ਨਹੀਂ ਬਣ ਸਕਦੀ।* —ਐਮਰਸਨ

## ਟੀਕਾਕਰਨ—ਅਗਲਾ ਕਦਮ

ਕੋਰੋਨਾ ਮਹਾਂਮਾਰੀ ਦੀ ਤੀਸਰੀ ਲਹਿਰ ਜਿਸ ਨੂੰ 'ਓਮੀਕਰੋਨ' ਦਾ ਨਾਂਅ ਦਿੱਤਾ ਗਿਆ ਹੈ, ਚਿੰਤਾਜਨਕ ਹੱਦ ਤੱਕ ਵਧਦੀ ਨਜ਼ਰ ਆ ਰਹੀ ਹੈ, ਪਰ ਇਸ ਦੇ ਨਾਲ-ਨਾਲ ਹੁਣ 15 ਤੋਂ 18 ਸਾਲ ਉਮਰ ਦੇ ਬੱਚਿਆਂ ਲਈ ਜੋ ਟੀਕਾਕਰਨ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਉਹ ਸੰਤੁਸ਼ਟੀ ਦੇਣ ਵਾਲਾ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਬਿਮਾਰੀ ਨੇ ਬੱਚਿਆਂ ਦੀ ਪੜ੍ਹਾਈ 'ਤੇ ਵੱਡਾ ਅਸਰ ਪਾਇਆ ਹੈ। ਬਹੁਤਾ ਸਮਾਂ ਸਕੂਲ ਬੰਦ ਰਹੇ ਹਨ। ਘਰ ਬੈਠਿਆਂ ਸਕੂਲਾਂ ਵਲੋਂ ਕਰਵਾਈ ਜਾਂਦੀ ਆਨਲਾਈਨ ਪੜ੍ਹਾਈ ਬਹੁਤੀ ਸਫਲ ਨਹੀਂ ਹੋਈ ਅਤੇ ਨਾ ਹੀ ਇਹ ਸੰਤੁਸ਼ਟੀਜਨਕ ਸੀ। ਇਸੇ ਲਈ ਟੀਕਾਕਰਨ ਦਾ ਇਹ ਪ੍ਰੋਗਰਾਮ ਸ਼ੁਰੂ ਹੋਣ 'ਤੇ ਦੇਸ਼ ਭਰ ਵਿਚ ਇਕ ਵਾਰ ਫਿਰ ਵੱਡਾ ਉਤਸ਼ਾਹ ਬਣਿਆ ਹੈ। ਜਦੋਂ ਕੇਂਦਰ ਸਰਕਾਰ ਵਲੋਂ ਬੱਚਿਆਂ ਦਾ ਟੀਕਾਕਰਨ ਕਰਨ ਦਾ ਐਲਾਨ ਕੀਤਾ ਗਿਆ ਸੀ, ਉਸ ਸਮੇਂ ਮਾਪਿਆਂ ਵਿਚ ਵੱਡੀ ਹਿਚਕਿਚਾਹਟ ਜ਼ਰੂਰ ਪਾਈ ਜਾਂਦੀ ਸੀ ਪਰ ਸਰਕਾਰ ਵਲੋਂ ਇਸ ਬਾਰੇ ਹਰ ਤਰ੍ਹਾਂ ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਹੁਣ ਲੋਕਾਂ ਦਾ ਬੱਚਿਆਂ ਦੇ ਟੀਕਾਕਰਨ ਪ੍ਰਤੀ ਝਾਕਾ ਖੁੱਲ੍ਹਣਾ ਸ਼ੁਰੂ ਹੋਇਆ ਹੈ।

ਦੇਸ਼ ਵਿਚ 15 ਤੋਂ 18 ਸਾਲ ਦੀ ਉਮਰ ਦੇ ਬੱਚੇ ਲਗਭਗ ਸਾਢੇ 7 ਕਰੋੜ ਹਨ। ਇਹ ਟੀਕਾਕਰਨ ਮੁਹਿੰਮ 3 ਜਨਵਰੀ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਇਸ ਲਈ ਪਹਿਲਾਂ ਤੋਂ ਬਣਾਏ ਗਏ ਕੋਵਿਨ ਪੋਰਟਲ 'ਤੇ 6.35 ਲੱਖ ਤੋਂ ਵੱਧ ਬੱਚਿਆਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਸੀ। ਸਰਕਾਰ ਵਲੋਂ ਇਸ ਮੁਹਿੰਮ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਇਸ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਸਕੂਲਾਂ ਵਿਚ ਵੀ ਅਜਿਹੇ ਕੇਂਦਰ ਖੋਲ੍ਹੇ ਗਏ ਹਨ। ਹਾਲ ਦੀ ਘੜੀ ਇਸ ਉਮਰ ਲਈ ਭਾਰਤ ਬਾਇਓਟੈੱਕ ਕੰਪਨੀ ਦਾ ਕੋਵੈਕਸੀਨ ਟੀਕਾ ਲਾਉਣ ਦੀ ਹੀ ਇਜਾਜ਼ਤ ਦਿੱਤੀ ਗਈ ਹੈ। ਇਹ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਕੰਪਨੀ ਨੇ ਦਸੰਬਰ ਦੇ ਅਖੀਰ ਤੱਕ 8 ਕਰੋੜ ਟੀਕੇ ਤਿਆਰ ਕਰਨ ਦਾ ਨਿਸ਼ਾਨਾ ਮਿਥਿਆ ਸੀ। ਇਸ ਦੇ ਨਾਲ ਹੀ ਦੋ ਹੋਰ ਕੰਪਨੀਆਂ ਵੀ ਅਜਿਹੇ ਟੀਕੇ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਕੋਰੋਨਾ ਮਹਾਂਮਾਰੀ ਦੇ ਸ਼ੁਰੂ ਹੁੰਦਿਆਂ ਹੀ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਇਸ ਮਹਾਂਮਾਰੀ ਤੋਂ ਵੱਧ ਤੋਂ ਵੱਧ ਬਚਾਅ ਟੀਕੇ ਦੀ ਈਜਾਦ ਨਾਲ ਹੀ ਹੋਵੇਗਾ। ਦੁਨੀਆ ਭਰ ਵਿਚ ਲਗਾਤਾਰ ਇਸ ਦਿਸ਼ਾ ਵਿਚ ਤਜਰਬੇ ਕੀਤੇ ਜਾਂਦੇ ਰਹੇ। ਅਖੀਰ ਕੁਝ ਕੰਪਨੀਆਂ ਪ੍ਰਭਾਵਸ਼ਾਲੀ ਟੀਕੇ ਬਣਾਉਣ ਵਿਚ ਕਾਮਯਾਬ ਹੋ ਗਈਆਂ ਜਿਨ੍ਹਾਂ ਵਿਚ ਭਾਰਤ ਦੀਆਂ ਵੀ ਕੁਝ ਕੰਪਨੀਆਂ ਸ਼ਾਮਿਲ ਸਨ। ਭਾਰਤ ਨੇ ਇਸ ਦਿਸ਼ਾ ਵਿਚ ਲਗਾਤਾਰ ਆਪਣੀ ਟੀਕਾ ਮੁਹਿੰਮ ਜਾਰੀ ਰੱਖੀ। ਚਾਹੇ ਕੇਂਦਰ ਸਰਕਾਰ ਨੇ ਦਸੰਬਰ ਦੇ ਅਖੀਰ ਤੱਕ ਪੂਰੀ ਬਾਲਗ ਆਬਾਦੀ ਨੂੰ ਟੀਕਾ ਲਗਾਉਣ ਦਾ ਨਿਸ਼ਾਨਾ ਮਿਥਿਆ ਸੀ ਪਰ ਉਸ ਵਿਚ ਹਾਲੇ ਤੱਕ ਪੂਰੀ ਸਫਲਤਾ ਹਾਸਲ ਨਹੀਂ ਕੀਤੀ ਜਾ ਸਕੀ। ਹੁਣ ਤੱਕ ਦੇਸ਼ ਦੇ 90 ਫ਼ੀਸਦੀ ਬਾਲਗਾਂ ਨੂੰ ਟੀਕੇ ਦੀ ਇਕ ਖੁਰਾਕ ਦਿੱਤੀ ਜਾ ਚੁੱਕੀ ਹੈ ਜਦੋਂ ਕਿ 2 ਖੁਰਾਕਾਂ ਪ੍ਰਾਪਤ ਕਰਨ ਵਾਲੇ ਬਾਲਗ 64 ਫ਼ੀਸਦੀ ਦੇ ਲਗਭਗ ਹੀ ਹਨ। ਹੁਣ ਸਰਕਾਰ ਨੇ ਆਉਂਦੇ ਸਮੇਂ ਵਿਚ 15 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਵੀ ਟੀਕੇ ਲਗਾਉਣ ਦੀ ਯੋਜਨਾ ਤਿਆਰ ਕੀਤੀ ਹੈ। ਅਸੀਂ ਸਮਝਦੇ ਹਾਂ ਕਿ ਇਸ ਯੋਜਨਾ ਨੂੰ ਤੇਜ਼ੀ ਨਾਲ ਅਮਲ ਵਿਚ ਲਿਆਉਣਾ ਬਹੁਤ ਜ਼ਰੂਰੀ ਹੈ। ਬਹੁਤ ਸਾਰੇ ਯੂਰਪੀ ਤੇ ਅਫ਼ਰੀਕੀ ਦੇਸ਼ਾਂ ਵਿਚ ਵੀ ਬੱਚਿਆਂ ਨੂੰ ਟੀਕੇ ਲਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਨ੍ਹਾਂ ਦੇਸ਼ਾਂ ਵਿਚ 5 ਤੋਂ 11 ਸਾਲ ਦੇ ਬੱਚਿਆਂ ਨੂੰ ਵੀ ਟੀਕੇ ਲਗਾਏ ਜਾ ਰਹੇ ਹਨ। ਬਿਨਾਂ ਸ਼ੱਕ ਭਾਰਤ ਨੇ ਇਸ ਖੇਤਰ ਵਿਚ ਵੱਡੀ ਪ੍ਰਾਪਤੀ ਕੀਤੀ ਹੈ। ਇਸ ਸਮੇਂ ਸਰਕਾਰੀ ਮਾਪਦੰਡਾਂ 'ਤੇ ਪੂਰੇ ਉਤਰਦੇ ਟੀਕਿਆਂ ਦੀ ਕਮੀ ਨਹੀਂ ਹੈ।

ਹੁਣ ਇਕ ਵਾਰ ਫਿਰ ਵੱਡੀ ਮੁਹਿੰਮ ਆਰੰਭ ਕੇ ਦੇਸ਼ ਦੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਘੇਰੇ ਵਿਚ ਲਿਆਇਆ ਜਾਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਜਿਸ ਤਰ੍ਹਾਂ ਦੇ ਲੱਛਣ ਇਹ ਮਹਾਂਮਾਰੀ ਦਿਖਾਉਣ ਲੱਗੀ ਹੈ, ਉਸ ਨੂੰ ਦੇਖਦਿਆਂ ਵੱਡੀ ਉਮਰ ਵਾਲੇ ਗੰਭੀਰ ਬਿਮਾਰਾਂ ਨੂੰ ਤੀਸਰੀ ਬੂਸਟਰ ਖੁਰਾਕ ਦੇਣੀ ਵੀ ਜ਼ਰੂਰੀ ਜਾਪਣ ਲੱਗੀ ਹੈ। ਪਹਿਲੇ ਹੀ ਦਿਨ ਦੇਸ਼ ਭਰ ਵਿਚ ਜਿਸ ਤਰ੍ਹਾਂ ਇਸ ਟੀਕਾਕਰਨ ਸੰਬੰਧੀ ਉਤਸ਼ਾਹ ਦੇਖਿਆ ਗਿਆ ਹੈ, ਉਸ ਨੂੰ ਵੇਖਦਿਆਂ ਲਗਦਾ ਹੈ ਕਿ ਲੋਕ ਪਹਿਲੀ ਹਿਚਕਿਚਾਹਟ ਤੋਂ ਬਾਹਰ ਆ ਗਏ ਹਨ, ਕਿਉਂਕਿ ਪਹਿਲੇ ਹੀ ਦਿਨ ਸ਼ਾਮ 3 ਵਜੇ ਤੱਕ ਮਿਲੀਆਂ ਰਿਪੋਰਟਾਂ ਅਨੁਸਾਰ ਸਾਢੇ 12 ਲੱਖ ਦੇ ਕਰੀਬ ਬੱਚਿਆਂ ਨੂੰ ਟੀਕੇ ਲਗਾਏ ਜਾ ਚੁੱਕੇ ਸਨ। ਇਸ ਦੇ ਨਾਲ ਹੀ ਹੁਣ ਤੱਕ 40 ਲੱਖ ਤੋਂ ਵਧੇਰੇ ਬੱਚਿਆਂ ਨੇ ਟੀਕਾਕਰਨ ਲਈ ਆਪਣੇ ਨਾਂਅ ਦਰਜ ਕਰਵਾ ਦਿੱਤੇ ਹਨ। ਅਸੀਂ ਉਮੀਦ ਕਰਦੇ ਹਾਂ ਕਿ ਸਰਕਾਰ ਵਲੋਂ ਕੀਤੇ ਜਾ ਰਹੇ ਲਗਾਤਾਰ ਯਤਨਾਂ ਨੂੰ ਵੱਡੀ ਸਫਲਤਾ ਮਿਲੇਗੀ, ਕਿਉਂਕਿ ਅੱਜ ਹਰੇਕ ਉਮਰ ਦੇ ਲੋਕਾਂ ਦਾ ਵੱਧ ਤੋਂ ਵੱਧ ਟੀਕਾਕਰਨ ਕੀਤਾ ਜਾਣਾ ਹੀ ਮੁੜ ਕੇ ਆਮ ਜੀਵਨ ਦੀ ਸਰਗਰਮੀ ਨੂੰ ਲੀਹ 'ਤੇ ਲਿਆ ਸਕੇਗਾ।

**—ਬਰਜਿੰਦਰ ਸਿੰਘ ਹਮਦਰਦ**

---

**ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਦੇ ਸੰਦਰਭ ਵਿਚ**

# ਕੇਂਦਰ ਸਰਕਾਰ ਪੰਜਾਬੀਆਂ ਦੀ ਨਾਰਾਜ਼ਗੀ ਦੂਰ ਕਰੇ

**ਕਿਛੁ ਸੁਣੀਐ ਕਿਛੁ ਕਹੀਐ — ਸਤਨਾਮ ਸਿੰਘ ਮਾਣਕ**



ਵਿਧਾਨ ਸਭਾ ਚੋਣਾਂ ਨੂੰ ਲੈ ਕੇ ਰਾਜ ਵਿਚ ਸਿਆਸੀ ਸਰਗਰਮੀਆਂ ਬੇਹੱਦ ਤੇਜ਼ ਹੋ ਗਈਆਂ ਹਨ। ਰਾਜਨੀਤਕ ਪਾਰਟੀਆਂ ਵਲੋਂ ਰੈਲੀਆਂ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਆਪੋ-ਆਪਣੇ ਚੋਣ ਏਜੰਡਿਆਂ ਅਤੇ ਰਣਨੀਤੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਲੋਕਾਂ ਨੂੰ ਬਹੁਤ ਕੁਝ ਮੁਫ਼ਤ ਦੇਣ ਦੇ ਵਾਅਦੇ ਅਤੇ ਦਾਅਵੇ ਵਧ-ਚੜ੍ਹ ਕੇ ਕਰ ਰਹੇ ਹਨ।

ਇਸੇ ਸਿਲਸਿਲੇ ਵਿਚ ਭਾਰਤੀ ਜਨਤਾ ਪਾਰਟੀ, ਜਿਸ ਨੂੰ ਕਿਸਾਨ ਅੰਦੋਲਨ ਦੇ ਚਲਦਿਆਂ ਰਾਜ ਵਿਚ ਖੁੱਲ੍ਹ ਕੇ ਸਿਆਸੀ ਸਰਗਰਮੀਆਂ ਕਰਨ ਦਾ ਅਵਸਰ ਨਹੀਂ ਸੀ ਮਿਲਿਆ, ਨੇ ਵੀ ਆਪਣੀਆਂ ਕਾਰਵਾਈਆਂ ਬੇਹੱਦ ਤੇਜ਼ ਕਰ ਦਿੱਤੀਆਂ ਹਨ। ਇਸ ਨੇ ਆਪਣੀ ਚੋਣ ਮੁਹਿੰਮ 'ਨਵਾਂ ਪੰਜਾਬ ਭਾਜਪਾ ਦੇ ਨਾਲ' ਦੇ ਨਾਅਰੇ ਨਾਲ ਆਰੰਭੀ ਹੈ। ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ-ਪਹਿਲਾਂ ਪੰਜਾਬ ਦੇ ਲੋਕਾਂ ਨੂੰ ਪੈਕੇਜ ਦੇ ਰੂਪ ਵਿਚ ਕੁਝ ਸਹੂਲਤਾਂ ਦੇ ਕੇ ਚੋਣ ਸਥਿਤੀ ਨੂੰ ਆਪਣੇ ਵੱਲ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ 5 ਜਨਵਰੀ ਨੂੰ ਪੰਜਾਬ ਦੇ ਦੌਰੇ 'ਤੇ ਆ ਰਹੇ ਹਨ। ਫ਼ਿਰੋਜ਼ਪੁਰ ਵਿਚ ਉਨ੍ਹਾਂ ਵਲੋਂ ਇਕ ਰੈਲੀ ਨੂੰ ਸੰਬੋਧਨ ਕੀਤਾ ਜਾਏਗਾ ਅਤੇ ਇਹ ਵੀ ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਸ ਅਵਸਰ 'ਤੇ ਜੋ ਪੈਕੇਜ ਉਨ੍ਹਾਂ ਵਲੋਂ ਪੰਜਾਬ ਨੂੰ ਦਿੱਤਾ ਜਾਏਗਾ, ਉਸ ਵਿਚ ਪੰਜ ਏਕੜ ਤੱਕ ਦੇ ਮਾਲਕ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨਾ ਜਾਂ ਕਰਜ਼ੇ ਦਾ ਵਿਆਜ ਮੁਆਫ਼ ਕਰਨਾ, ਰਾਜ ਦੇ ਸਰਹੱਦੀ ਜ਼ਿਲ੍ਹਿਆਂ ਦੇ ਸਨਅਤੀ ਵਿਕਾਸ ਲਈ ਪਹਾੜੀ ਰਾਜਾਂ ਦੀ ਤਰਜ਼ 'ਤੇ ਰਿਆਇਤਾਂ ਦੇਣੀਆਂ ਆਦਿ ਕਦਮ ਸ਼ਾਮਿਲ ਹੋ ਸਕਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਗੜਬੜ ਵਾਲੇ ਹਾਲਾਤ ਦੇ ਸਮੇਂ ਤੋਂ ਵੱਖ-ਵੱਖ ਮੁਕੱਦਮਿਆਂ ਵਿਚ ਜਿਹੜੇ ਸਿੱਖ ਭਾਈਚਾਰੇ ਦੇ ਲੋਕ ਸਜ਼ਾਵਾਂ ਭੁਗਤ ਰਹੇ ਹਨ ਅਤੇ ਜਿਨ੍ਹਾਂ ਦੀਆਂ ਸਜ਼ਾਵਾਂ ਲਗਭਗ ਪੂਰੀਆਂ ਹੋ ਚੁੱਕੀਆਂ ਹਨ, ਉਨ੍ਹਾਂ ਦੀ ਆਮ ਰਿਹਾਈ ਦਾ ਐਲਾਨ ਕੀਤੇ ਜਾਣ ਦੀ ਵੀ ਸੰਭਾਵਨਾ ਹੈ। ਇਸ ਸੰਬੰਧ ਵਿਚ ਪਿਛਲੇ ਦਿਨੀਂ ਜਲੰਧਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਭਾਜਪਾ ਦੇ ਇੰਚਾਰਜ ਅਤੇ ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਗਜੇਂਦਰ ਸਿੰਘ ਨੇ ਕਿਹਾ ਵੀ ਸੀ ਕਿ ਪ੍ਰਧਾਨ ਮੰਤਰੀ ਵਲੋਂ ਕੀਤੇ ਜਾਣ ਵਾਲੇ ਐਲਾਨ ਏਨੇ ਪ੍ਰਭਾਵਸ਼ਾਲੀ ਹੋਣਗੇ ਕਿ ਵਿਰੋਧੀ ਪਾਰਟੀਆਂ ਨੂੰ ਭਾਜਪਾ ਦਾ ਚੋਣਾਂ ਵਿਚ ਮੁਕਾਬਲਾ ਕਰਨ ਲਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪ੍ਰਧਾਨ ਮੰਤਰੀ ਵਲੋਂ ਪੈਕੇਜ ਦੇ ਰੂਪ ਵਿਚ ਕਿਹੜੇ ਐਲਾਨ ਕੀਤੇ ਜਾਂਦੇ ਹਨ ਜਾਂ ਕਿਹੜੇ ਨਹੀਂ ਕੀਤੇ ਜਾਂਦੇ, ਇਸ ਸੰਬੰਧੀ ਉਤਸੁਕਤਾ ਉਦੋਂ ਤੱਕ ਬਣੀ ਰਹੇਗੀ ਜਦੋਂ ਤੱਕ ਪ੍ਰਧਾਨ ਮੰਤਰੀ ਫਿਰੋਜ਼ਪੁਰ ਆ ਕੇ ਇਸ ਸੰਬੰਧੀ 5 ਜਨਵਰੀ ਨੂੰ ਬਾਕਾਇਦਾ ਕੋਈ ਐਲਾਨ ਨਹੀਂ ਕਰਦੇ।

ਇਸ ਬਾਰੇ ਸਾਡੇ ਵੀ ਕੁਝ ਸੁਝਾਅ ਹਨ, ਜਿਨ੍ਹਾਂ ਦੀ ਅਸੀਂ ਇਥੇ ਚਰਚਾ ਕਰਨੀ ਚਾਹੁੰਦੇ ਹਾਂ। ਸਾਡਾ ਬੜਾ ਸਪੱਸ਼ਟ ਮਤ ਹੈ ਕਿ ਪੰਜਾਬ ਇਕ ਸਰਹੱਦੀ ਰਾਜ ਹੈ। ਇਥੋਂ ਦੇ ਲੋਕਾਂ ਨੇ, ਖ਼ਾਸ ਕਰਕੇ ਸਿੱਖ ਭਾਈਚਾਰੇ ਨੇ ਦੇਸ਼ ਦੀ ਸੁਰੱਖਿਆ ਲਈ ਹਮੇਸ਼ਾ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ। ਆਜ਼ਾਦੀ ਦੇ ਸੰਘਰਸ਼ ਦੌਰਾਨ ਅਤੇ ਆਜ਼ਾਦੀ ਤੋਂ ਬਾਅਦ ਵੀ, ਜਦੋਂ ਵੀ ਦੇਸ਼ ਦੀਆਂ ਸਰਹੱਦਾਂ 'ਤੇ ਕੋਈ ਚੁਣੌਤੀ ਪੈਦਾ ਹੋਈ ਹੈ, ਇਸ ਦੇ ਸਪੂਤਾਂ ਨੇ ਡਟ ਕੇ ਦੇਸ਼ ਦੀ ਰਾਖੀ ਕੀਤੀ ਹੈ। ਹੁਣ ਵੀ ਜਦੋਂ ਸਰਹੱਦਾਂ ਦੇ ਪਾਰ ਤੋਂ ਪਾਕਿਸਤਾਨ ਅਤੇ ਚੀਨ ਵਲੋਂ ਖ਼ਤਰੇ ਵਧ ਰਹੇ ਹਨ ਤਾਂ ਇਸ ਧਰਤੀ ਦੇ ਨੌਜਵਾਨ ਫ਼ੌਜ ਅਤੇ ਹੋਰ ਸੁਰੱਖਿਆ ਦਲਾਂ ਵਿਚ ਵਿਚਰਦੇ ਹੋਏ ਆਪਣਾ ਰੋਲ ਬਾਖ਼ੂਬੀ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਨੇ ਆਪਣੇ ਡੇਢ ਫ਼ੀਸਦੀ ਭੂਗੋਲਿਕ ਇਲਾਕੇ ਦੇ ਬਾਵਜੂਦ ਦੇਸ਼ ਨੂੰ ਅਨਾਜ ਸੁਰੱਖਿਆ ਮੁਹੱਈਆ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਸਾਡੀ ਬੜੀ ਸਪੱਸ਼ਟ ਸਮਝ ਹੈ ਕਿ ਇਸ ਤਰ੍ਹਾਂ ਦੀ ਇਤਿਹਾਸਕ ਤੇ ਰਾਜਨੀਤਕ ਅਹਿਮੀਅਤ ਰੱਖਣ ਵਾਲੇ ਪੰਜਾਬ ਨਾਲ ਕੇਂਦਰੀ ਸਰਕਾਰਾਂ, ਭਾਵੇਂ ਉਹ ਭਾਜਪਾ ਦੀ ਅਗਵਾਈ ਵਾਲੀਆਂ ਹੋਣ ਜਾਂ ਕਾਂਗਰਸ ਦੀ ਅਗਵਾਈ ਵਾਲੀਆਂ, ਉਨ੍ਹਾਂ ਨੂੰ ਗ਼ੈਰ-ਜ਼ਰੂਰੀ ਟਕਰਾਓ ਨਹੀਂ ਸਹੇੜਨੇ ਚਾਹੀਦੇ, ਸਗੋਂ ਲੋਕਾਂ ਦੀ ਊਰਜਾ ਅਤੇ ਹੁਨਰ ਦੀ ਵਰਤੋਂ ਦੇਸ਼ ਦੇ ਵਿਕਾਸ ਅਤੇ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਹੀ ਕੀਤੀ ਜਾਣੀ ਚਾਹੀਦੀ ਹੈ। ਆਜ਼ਾਦੀ ਤੋਂ ਬਾਅਦ ਇਕ ਲੰਮੇ ਸਮੇਂ ਤੱਕ ਕੇਂਦਰ ਵਿਚ ਬਣੀਆਂ ਕਾਂਗਰਸੀ ਸਰਕਾਰਾਂ ਨੇ ਪੰਜਾਬ ਪ੍ਰਤੀ ਟਕਰਾਓ ਦਾ ਰਸਤਾ ਅਖ਼ਤਿਆਰ ਕਰੀ ਰੱਖਿਆ। ਪੰਜਾਬੀ ਸੂਬਾ ਬਣਾਉਣ ਤੋਂ ਲੰਮੇ ਸਮੇਂ ਤੱਕ ਇਨਕਾਰ ਕੀਤਾ ਗਿਆ। ਜਦੋਂ ਪੰਜਾਬੀ ਸੂਬਾ ਬਣਾਇਆ ਵੀ ਤਾਂ ਉਸ ਵਿਚੋਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰਹਿਣ ਦਿੱਤੇ ਗਏ। ਇਥੋਂ ਤੱਕ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਦੀ ਥਾਂ ਕੇਂਦਰ ਸ਼ਾਸਿਤ ਇਲਾਕੇ ਵਿਚ ਤਬਦੀਲ ਕਰਕੇ ਪੰਜਾਬ ਅਤੇ ਹਰਿਆਣੇ ਦੀ ਸਾਂਝੀ ਰਾਜਧਾਨੀ ਬਣਾ ਦਿੱਤੀ ਗਈ। ਦਰਿਆਈ ਪਾਣੀਆਂ ਦਾ ਮੁੱਦਾ ਅਜਿਹਾ ਉਲਝਾਇਆ ਕਿ ਅਜੇ ਤੱਕ ਰਾਜ ਨੂੰ ਇਨਸਾਫ਼ ਨਹੀਂ ਮਿਲ ਸਕਿਆ ਅਤੇ ਇਹ ਮੁੱਦਾ ਅਜੇ ਵੀ ਪੰਜਾਬ ਅਤੇ ਹਰਿਆਣਾ ਦਰਮਿਆਨ ਵਿਵਾਦ ਦਾ ਕਾਰਨ ਬਣਿਆ ਹੋਇਆ ਹੈ। ਇਹ ਸਾਰੇ ਮਸਲੇ ਅਜੇ ਵੀ ਹੱਲ ਦੀ ਉਡੀਕ ਕਰ ਰਹੇ ਹਨ। ਕਾਂਗਰਸ ਦੀਆਂ ਸਰਕਾਰਾਂ ਦੀ ਟਕਰਾਅ ਵਾਲੀ ਨੀਤੀ ਕਾਰਨ ਹੀ ਵਾਰ-ਵਾਰ ਪੰਜਾਬ ਵਿਚ ਅੰਦੋਲਨ ਹੋਏ ਅਤੇ 80ਵਿਆਂ ਵਿਚ ਧਰਮ ਯੁੱਧ ਦੇ ਨਾਂਅ 'ਤੇ ਆਰੰਭ ਹੋਇਆ ਅੰਦੋਲਨ ਸ੍ਰੀਮਤੀ ਇੰਦਰਾ ਗਾਂਧੀ ਦੀਆਂ ਜ਼ਿੱਦੀ ਨੀਤੀਆਂ ਕਾਰਨ ਨਾ ਕੇਵਲ ਲੰਮੇ ਸਮੇਂ ਤੱਕ ਚੱਲਿਆ, ਸਗੋਂ ਹਿੰਸਕ ਰੂਪ ਵੀ ਅਖ਼ਤਿਆਰ ਕਰ ਗਿਆ। ਇਸ ਟਕਰਾਅ ਵਿਚੋਂ ਹੀ ਸਾਕਾ ਨੀਲਾ ਤਾਰਾ, ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਅਤੇ ਇਸ ਉਪਰੰਤ ਨਵੰਬਰ '84 ਦੇ ਸਿੱਖ ਕਤਲੇਆਮ ਵਰਗੀਆਂ ਖ਼ੌਫ਼ਨਾਕ ਘਟਨਾਵਾਂ ਨੇ ਜਨਮ ਲਿਆ।

ਇਸ ਕੌੜੇ ਇਤਿਹਾਸ ਨੂੰ ਮੁੱਖ ਰੱਖਦਿਆਂ ਹੀ ਅਸੀਂ ਭਾਜਪਾ ਦੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੂੰ ਇਹ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਉਹ ਪੰਜਾਬ ਨਾਲ ਅਤੇ ਪੰਜਾਬ ਦੇ ਲੋਕਾਂ ਨਾਲ ਗ਼ੈਰ-ਜ਼ਰੂਰੀ ਟਕਰਾਵਾਂ ਨੂੰ ਜਨਮ ਨਾ ਦੇਵੇ। 2020 ਵਿਚ ਮੋਦੀ ਸਰਕਾਰ ਵਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਸੰਬੰਧੀ ਵੀ ਸਾਡੀ ਇਹ ਹੀ ਰਾਏ ਸੀ ਕਿ ਭਾਜਪਾ ਸਰਕਾਰ ਇਨ੍ਹਾਂ ਕਾਨੂੰਨਾਂ ਸਬੰਧੀ ਜ਼ਿਦ ਨਾ ਕਰੇ, ਸਗੋਂ ਕਿਸਾਨ ਜਥੇਬੰਦੀਆਂ ਵਲੋਂ ਗੱਲਬਾਤ ਕਰਕੇ ਇਸ ਸੰਬੰਧੀ ਕੋਈ ਸੁਚੱਜਾ ਹੱਲ ਕੱਢਣ ਦੀ ਕੋਸ਼ਿਸ਼ ਕਰੇ, ਕਿਉਂਕਿ ਕਿਸਾਨ ਅੰਦੋਲਨ ਦੀ ਚਾਲਕ ਸ਼ਕਤੀ ਵੀ ਮੁੱਖ ਤੌਰ 'ਤੇ ਪੰਜਾਬੀ ਕਿਸਾਨ ਹੀ ਸਨ। ਇਸੇ ਕਰਕੇ ਅਸੀਂ ਉਸ ਸਮੇਂ ਪੰਜਾਬ ਭਾਜਪਾ ਤੋਂ ਵੀ ਇਹ ਆਸ ਕਰਦੇ ਸਾਂ ਕਿ ਉਹ ਆਪਣੀ ਹਾਈਕਮਾਨ ਨੂੰ ਸਮਝਾ-ਬੁਝਾ ਕੇ ਇਸ ਮਸਲੇ ਦਾ ਹੱਲ ਕਢਵਾਉਣ ਲਈ ਜਲਦੀ ਤੋਂ ਜਲਦੀ ਪਹਿਲਕਦਮੀ ਕਰੇਗੀ। ਪਰ ਪੰਜਾਬ ਭਾਜਪਾ ਅਤੇ ਭਾਜਪਾ ਹਾਈਕਮਾਨ ਇਸ ਸੰਬੰਧੀ ਪ੍ਰਭਾਵੀ ਰੋਲ ਅਦਾ ਨਾ ਕਰ ਸਕੀਆਂ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਆਪਣੀ ਜ਼ਿਦ 'ਤੇ ਅੜੇ ਰਹੇ ਅਤੇ ਆਖਿਰ ਉਨ੍ਹਾਂ ਨੂੰ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨੇੜੇ ਆ ਜਾਣ ਕਾਰਨ ਇਹ ਕਾਨੂੰਨ 19 ਨਵੰਬਰ, 2021 ਨੂੰ ਵਾਪਸ ਲੈਣੇ ਪਏ। ਇਸ ਦੌਰਾਨ ਪੰਜਾਬੀਆਂ ਅਤੇ ਭਾਜਪਾ ਦਰਮਿਆਨ ਤਿੱਖੇ ਟਕਰਾਅ ਹੁੰਦੇ ਰਹੇ ਅਤੇ ਪੰਜਾਬੀਆਂ ਦੇ ਮਨਾਂ ਵਿਚ ਭਾਜਪਾ ਲਈ ਬੇਹੱਦ ਕੁੜੱਤਣ ਪੈਦਾ ਹੋਈ। 700 ਦੇ ਲਗਭਗ ਕਿਸਾਨ ਇਸ ਅੰਦੋਲਨ ਦੌਰਾਨ ਸ਼ਹੀਦ ਹੋ ਗਏ। ਹੁਣ ਜਦੋਂ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਪੰਜਾਬ ਵਿਚ ਵੀ ਆਪਣੀਆਂ ਚੋਣ ਸੰਭਾਵਨਾਵਾਂ ਤਲਾਸ਼ ਰਹੀ ਹੈ ਤਾਂ ਉਸ ਨੂੰ ਇਕ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਪੰਜਾਬ ਦੇ ਲੋਕਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਕੁਝ ਠੋਸ ਕਦਮ ਉਠਾਉਣੇ ਚਾਹੀਦੇ ਹਨ। ਸਾਡੇ ਵਿਚਾਰ ਅਨੁਸਾਰ ਕੁਝ ਕਦਮ ਇਸ ਤਰ੍ਹਾਂ ਹੋ ਸਕਦੇ ਹਨ।

- ਪੰਜਾਬ ਵਿਚ ਬੀ.ਐਸ.ਐਫ. ਦਾ ਅਧਿਕਾਰ ਖੇਤਰ ਸਰਹੱਦ ਤੋਂ ਜੋ 50 ਕਿਲੋਮੀਟਰ ਤੱਕ ਵਧਾਇਆ ਗਿਆ ਹੈ, ਉਸ ਨੂੰ ਵਾਪਸ ਲੈ ਕੇ ਪਹਿਲਾਂ ਦੀ ਤਰ੍ਹਾਂ 15 ਕਿਲੋਮੀਟਰ ਤੱਕ ਸੀਮਤ ਕਰ ਦਿੱਤਾ ਜਾਏ।
- ਜਲ੍ਹਿਆਂਵਾਲੇ ਬਾਗ ਦੇ ਸਰੂਪ ਵਿਚ ਜੋ ਤਬਦੀਲੀਆਂ ਕੀਤੀਆਂ ਗਈਆਂ ਹਨ, ਖ਼ਾਸ ਕਰਕੇ ਵਿਰਾਸਤੀ ਗਲੀ ਨਾਲ ਜੋ ਛੇੜਛਾੜ ਕੀਤੀ ਗਈ ਹੈ, ਉਸ ਨੇ ਪੰਜਾਬੀਆਂ ਵਿਚ ਬੇਹੱਦ ਨਾਰਾਜ਼ਗੀ ਪੈਦਾ ਕੀਤੀ ਹੈ। ਜਲ੍ਹਿਆਂਵਾਲਾ ਬਾਗ ਟਰੱਸਟ ਦੇ ਇਕ ਮੈਂਬਰ ਤੇ ਸਾਬਕ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਵੀ ਇਸ ਸੰਬੰਧੀ ਮਾਮਲਾ ਕੇਂਦਰ ਸਰਕਾਰ ਕੋਲ ਉਠਾਇਆ ਹੈ। ਇਹ ਢੁਕਵਾਂ ਮੌਕਾ ਹੈ ਕਿ ਜਿਨ੍ਹਾਂ ਤਬਦੀਲੀਆਂ ਬਾਰੇ ਲੋਕਾਂ ਵਿਚ ਰੋਸ ਹੈ, ਉਨ੍ਹਾਂ ਨੂੰ ਵਾਪਸ ਲੈ ਕੇ ਜਲ੍ਹਿਆਂਵਾਲੇ ਬਾਗ ਦਾ ਪਹਿਲਾ ਸਰੂਪ ਬਹਾਲ ਕਰ ਜਾਏ।
- ਹਾਲ ਹੀ ਦੇ ਇਕ ਫ਼ੈਸਲੇ ਵਿਚ ਫ਼ੌਜ ਨੇ ਦੇਸ਼ ਭਰ ਵਿਚਲੇ ਆਪਣੇ ਸਕੂਲਾਂ ਵਿਚ ਖੇਤਰੀ ਭਾਸ਼ਾਵਾਂ ਨਾ ਪੜ੍ਹਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਜੇਕਰ ਕਿਸੇ ਬੱਚੇ ਨੇ ਅੱਠਵੀਂ ਤੋਂ ਬਾਅਦ ਆਪਣੀ ਮਾਂ-ਬੋਲੀ (ਖੇਤਰੀ ਭਾਸ਼ਾ) ਪੜ੍ਹਨੀ ਹੈ ਤਾਂ ਉਸ ਨੂੰ ਅਧਿਆਪਕ ਨਹੀਂ ਦਿੱਤੇ ਜਾਣਗੇ ਸਗੋਂ ਉਸ ਨੂੰ ਆਪਣੇ-ਆਪ ਹੀ ਤਿਆਰੀ ਕਰਨੀ ਪਵੇਗੀ। ਫ਼ੌਜ ਦਾ ਇਹ ਬਹੁਤ ਹੀ ਗ਼ਲਤ ਫ਼ੈਸਲਾ ਹੈ, ਕਿਉਂਕਿ ਆਮ ਤੌਰ 'ਤੇ ਫ਼ੌਜੀ ਪਰਿਵਾਰਾਂ ਦੇ ਬੱਚੇ ਹੀ ਅੱਗੇ ਫ਼ੌਜ ਵਿਚ ਜਾਂਦੇ ਹਨ ਅਤੇ ਵੱਡੇ ਅਫ਼ਸਰ ਵੀ ਬਣਦੇ ਹਨ। ਉਹ ਜਦੋਂ ਦੇਸ਼ ਦੀਆਂ ਸਰਹੱਦਾਂ 'ਤੇ ਵੱਡੇ ਤੋਂ ਵੱਡੇ ਖ਼ਤਰੇ ਪੈਦਾ ਹੁੰਦੇ ਹਨ ਤਾਂ ਆਪਣੀਆਂ ਬੋਲੀਆਂ ਦੇ ਗੀਤ ਗਾਉਂਦੇ ਹੋਏ ਤੋਪਾਂ ਅਤੇ ਬੰਬਾਂ ਦਾ ਸਾਹਮਣਾ ਕਰਦੇ ਹਨ ਅਤੇ ਦਲੇਰੀ ਨਾਲ ਦੇਸ਼ ਦੀ ਰੱਖਿਆ ਕਰਦੇ ਹੋਏ ਅਨੇਕਾਂ ਵਾਰ ਸ਼ਹੀਦੀਆਂ ਵੀ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਆਪਣੀਆਂ ਬੋਲੀਆਂ ਤੇ ਗੀਤਾਂ ਨਾਲੋਂ ਤੋੜਨਾ ਬਹੁਤ ਵੱਡਾ ਗੁਨਾਹ ਹੈ। ਉਂਜ ਵੀ ਦੇਸ਼ ਦੇ 60 ਫ਼ੀਸਦੀ ਲੋਕਾਂ ਦੀਆਂ ਮਾਤ ਭਾਸ਼ਾਵਾਂ ਵੱਖ-ਵੱਖ ਖੇਤਰੀ ਬੋਲੀਆਂ ਹਨ, ਜਦੋਂ ਕਿ ਹਿੰਦੀ ਸਿਰਫ ਦੇਸ਼ ਦੇ 40 ਫ਼ੀਸਦੀ ਲੋਕਾਂ ਦੀ ਮਾਂ-ਬੋਲੀ ਹੈ। ਇਸ ਲਈ ਫ਼ੌਜ ਵਲੋਂ ਦੇਸ਼ ਦੇ 60 ਫ਼ੀਸਦੀ ਲੋਕਾਂ ਨੂੰ ਨਾਰਾਜ਼ ਕਰਨਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ। ਇਹ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਦਭਾਵਨਾ ਨੂੰ ਵੀ ਢਾਅ ਲਾਉਣ ਵਾਲੀ ਗੱਲ ਹੈ। ਇਹ ਫ਼ੈਸਲਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।
- ਵਾਹਗਾ-ਅਟਾਰੀ ਦੀ ਸਰਹੱਦ 'ਤੇ 1947 ਦੀ ਵੰਡ ਸਮੇਂ ਫ਼ਿਰਕੂ ਹਿੰਸਾ ਦੌਰਾਨ ਮਾਰੇ ਗਏ 10 ਲੱਖ ਲੋਕਾਂ ਦੀ ਯਾਦ ਵਿਚ ਫੋਕਲੋਰ ਰਿਸਰਚ ਅਕਾਦਮੀ ਵਲੋਂ ਬੀ.ਐਸ.ਐਫ. ਦੀ ਸਹਿਮਤੀ ਨਾਲ ਇਕ ਛੋਟਾ ਜਿਹਾ ਸਮਾਰਕ ਬਣਾਇਆ ਗਿਆ ਸੀ। ਪਰ ਸਰਹੱਦ ਦੇ ਸੁੰਦਰੀਕਰਨ ਦੇ ਨਾਂਅ ਹੇਠ ਇਸ ਸਮਾਰਕ ਨੂੰ ਢਾਅ ਦਿੱਤਾ ਗਿਆ ਪਰ ਜਦੋਂ ਇਸ ਸੰਬੰਧੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਦੋਸਤੀ ਤੇ ਅਮਨ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਵਲੋਂ ਆਵਾਜ਼ ਉਠਾਈ ਗਈ ਤਾਂ ਬਦਲਵੀਂ ਥਾਂ 'ਤੇ ਇਹ ਸਮਾਰਕ ਦੁਬਾਰਾ ਬਣਾ ਦਿੱਤਾ ਗਿਆ। ਪਹਿਲੇ ਸਮਾਰਕ 'ਤੇ ਤਿੰਨ ਸ਼ਿਲਾਲੇਖ ਲਗਵਾਏ ਗਏ ਸਨ, ਜਿਨ੍ਹਾਂ ਵਿਚ ਇਕ 'ਤੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਉਕਰੀ ਹੋਈ ਸੀ ਅਤੇ ਦੂਜੇ 'ਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਇਕ ਕਵਿਤਾ ਉਕਰੀ ਹੋਈ ਸੀ ਅਤੇ ਤੀਜਾ ਸ਼ਿਲਾਲੇਖ ਉਸ ਸਮਾਰਕ ਦੇ ਉੱਘੇ ਸਿਆਸੀ ਆਗੂ ਹਰਕ੍ਰਿਸ਼ਨ ਸਿੰਘ ਸੁਰਜੀਤ ਵਲੋਂ ਕੀਤੇ ਗਏ ਉਦਘਾਟਨ ਨਾਲ ਸੰਬੰਧਿਤ ਸੀ। ਨੈਸ਼ਨਲ ਹਾਈਵੇ ਅਥਾਰਟੀ ਵਲੋਂ ਜੋ ਨਵਾਂ ਸਮਾਰਕ ਬਣਾਇਆ ਗਿਆ ਹੈ, ਉਸ ਉੱਪਰ ਪਹਿਲੇ ਦੋ ਸ਼ਿਲਾਲੇਖ ਤਾਂ ਇੰਨ-ਬਿੰਨ ਲਗਾ ਦਿੱਤੇ ਗਏ ਹਨ, ਪਰ ਤੀਜਾ ਸ਼ਿਲਾਲੇਖ ਜੋ ਇਸ ਦੇ ਉਦਘਾਟਨ ਨਾਲ ਸੰਬੰਧਿਤ ਹੈ, ਉਹ ਅਜੇ ਤੱਕ ਨਹੀਂ ਲਗਾਇਆ ਗਿਆ। ਇਸ ਕਾਰਨ ਸਰਹੱਦੀ ਇਲਾਕੇ ਅਤੇ ਖ਼ਾਸ ਕਰਕੇ ਅਮਨ ਅਤੇ ਸਦਭਾਵਨਾ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਇਹ ਨਾਰਾਜ਼ਗੀ ਵੀ ਦੂਰ ਕੀਤੀ ਜਾਣੀ ਚਾਹੀਦੀ ਹੈ।

ਇਸ ਸੰਦਰਭ ਵਿਚ ਆਖ਼ਰੀ ਅਤੇ ਮਹੱਤਵਪੂਰਨ ਗੱਲ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਪੰਜਾਬ ਦੀ ਖੇਤੀ ਇਸ ਸਮੇਂ ਗੰਭੀਰ ਸੰਕਟ ਵਿਚ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਇਸ ਦਾ ਧਰਤੀ ਹੇਠਲਾ ਪਾਣੀ ਵੀ ਮੁਕਾ ਛੱਡਿਆ ਹੈ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਖੇਤੀ ਵਿਚ ਵਿਭਿੰਨਤਾ ਲਿਆਉਣ ਲਈ ਰਾਜ ਨੂੰ ਇਕ ਵੱਖਰੀ ਖੇਤੀ ਨੀਤੀ ਦੀ ਲੋੜ ਹੈ। ਕਿਸਾਨਾਂ ਨੂੰ ਤੇਲ ਬੀਜਾਂ ਅਤੇ ਦਾਲਾਂ ਦੇ ਰੂਪ ਵਿਚ ਨਵੀਆਂ ਫ਼ਸਲਾਂ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਇਨ੍ਹਾਂ ਨਵੀਆਂ ਫ਼ਸਲਾਂ ਦੇ ਲਾਭਕਾਰੀ ਭਾਅ ਯਕੀਨੀ ਬਣਾਏ ਜਾਣ, ਚਾਹੇ ਖ਼ਰੀਦਦਾਰ ਸਰਕਾਰੀ ਹੋਵੇ ਜਾਂ ਗ਼ੈਰ-ਸਰਕਾਰੀ। ਇਸ ਦੇ ਨਾਲ ਹੀ ਰਾਜ ਵਿਚ ਖੇਤੀ ਆਧਾਰਿਤ ਅਤੇ ਹੋਰ ਸਨਅਤਾਂ ਵੱਡੀ ਪੱਧਰ 'ਤੇ ਲਗਾਈਆਂ ਜਾਣ ਤਾਂ ਜੋ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਸਮੇਂ ਦੀ ਸਥਿਤੀ ਇਹ ਹੈ ਕਿ ਰਾਜ ਵਿਚ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ +2 ਤੋਂ ਬਾਅਦ ਕੋਈ ਵੀ ਨੌਜਵਾਨ ਆਪਣਾ ਭਵਿੱਖ ਇਥੇ ਸੁਰੱਖਿਅਤ ਨਹੀਂ ਦੇਖਦਾ। ਇਸੇ ਕਰਕੇ ਰਾਜ ਦੇ ਬਹੁਤੇ ਨੌਜਵਾਨ ਵਿਦੇਸ਼ਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋ ਰਹੇ ਹਨ। ਇਕ ਤਰ੍ਹਾਂ ਨਾਲ ਪੰਜਾਬ ਉੱਜੜ ਰਿਹਾ ਹੈ। ਪੰਜਾਬ ਨੂੰ ਵਸਦਾ ਰੱਖਣ ਲਈ ਰਾਜ ਦੇ ਉਕਤ ਭਖਦੇ ਮਸਲੇ ਮੋਦੀ ਸਰਕਾਰ ਨੂੰ ਹੱਲ ਕਰਵਾਉਣ ਲਈ ਸਪੱਸ਼ਟ ਰੂਪ ਵਿਚ ਕਿਸੇ ਠੋਸ ਨੀਤੀ ਦਾ ਐਲਾਨ ਕਰਨਾ ਚਾਹੀਦਾ ਹੈ। ਇਸ ਨਾਲ ਪੰਜਾਬ ਖ਼ੁਸ਼ਹਾਲ ਹੋਏਗਾ ਅਤੇ ਕੇਂਦਰ ਦੀ ਸਰਕਾਰ ਵਿਚ ਵੀ ਪੰਜਾਬੀਆਂ ਦਾ ਵਿਸ਼ਵਾਸ ਵਧੇਗਾ। ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਲਈ ਵੀ ਇਹ ਇਕ ਬਿਹਤਰੀਨ ਪਹਿਲਕਦਮੀ ਹੋਵੇਗੀ।

---

**ਵਿਸ਼ਵ ਬ੍ਰੇਲ ਦਿਵਸ 'ਤੇ ਵਿਸ਼ੇਸ਼**

# ਆਓ! ਹਰੇਕ ਨੇਤਰਹੀਣ ਤੱਕ ਬਰੇਲ ਲਿੱਪੀ ਪਹੁੰਚਾਉਣ ਦਾ ਯਤਨ ਕਰੀਏ



**ਪ੍ਰਭਦੀਪ ਸਿੰਘ ਨੱਥੋਵਾਲ**

ਅੱਜ ਦੁਨੀਆ ਭਰ ਦੇ ਲੋਕ ਵਿਸ਼ਵ ਬ੍ਰੇਲ ਦਿਵਸ ਮਨਾ ਰਹੇ ਹਨ। ਇਹ ਦਿਨ ਹਰ ਸਾਲ 4 ਜਨਵਰੀ ਨੂੰ ਫਰਾਂਸ ਵਿਚ ਜਨਮੇ ਲੁਈਸ ਬ੍ਰੇਲ ਦੇ ਸਿਰੜ ਦੇ ਸਨਮਾਨ ਵਿਚ ਮਨਾਇਆ ਜਾਂਦਾ ਹੈ, ਜੋ ਛੋਟੇ ਹੁੰਦਿਆਂ ਹੀ ਅੰਨ੍ਹਾ ਹੋ ਗਿਆ ਸੀ ਅਤੇ ਉਸ ਨੇ ਆਪਣੇ ਆਪ ਨੂੰ ਅਤੇ ਹੋਰ ਨੇਤਰਹੀਣ ਲੋਕਾਂ ਨੂੰ ਪੜ੍ਹਾਈ ਦੇ ਮਾਧਿਅਮ ਰਾਹੀਂ ਸਮੇਂ ਦਾ ਹਾਣੀ ਬਣਾਉਣ ਲਈ 1800 ਦੇ ਦਹਾਕੇ ਵਿਚ ਇਸ ਲਿੱਪੀ ਦੀ ਖੋਜ ਕੀਤੀ ਸੀ। ਵਿਸ਼ਵ ਬ੍ਰੇਲ ਦਿਵਸ ਉਨ੍ਹਾਂ ਲੱਖਾਂ ਲੋਕਾਂ ਦੁਆਰਾ ਵਰਤੀ ਜਾਂਦੀ ਪੜ੍ਹਨ ਅਤੇ ਲਿਖਣ ਦੀ ਇਸ ਪ੍ਰਣਾਲੀ ਦੇ ਮਹੱਤਵ ਨੂੰ ਪਛਾਣਦਾ ਹੈ ਜੋ ਅੱਖਾਂ ਤੋਂ ਦੇਖਣ ਤੋਂ ਵਾਂਝੇ ਹਨ। ਕਰੀਬ ਦੋ ਸਦੀਆਂ ਪਹਿਲਾਂ ਈਜਾਦ ਹੋਈ ਇਸ ਲਿੱਪੀ ਦਾ ਓਨਾ ਵਿਕਾਸ ਨਹੀਂ ਹੋ ਸਕਿਆ ਜਿੰਨਾ ਹੋਣਾ ਚਾਹੀਦਾ ਸੀ। ਹਾਲਾਤ ਇਹ ਹਨ ਕਿ ਅੱਜ ਵੀ ਇਸ ਲਿੱਪੀ ਬਾਰੇ ਬਹੁਤੇ ਲੋਕਾਂ ਨੂੰ ਨਹੀਂ ਪਤਾ ਅਤੇ ਨਾ ਹੀ ਇਸ ਲਿੱਪੀ ਨੂੰ ਸੰਬੰਧਿਤ ਲੋਕਾਂ ਤੱਕ ਲਿਜਾਣ ਲਈ ਕੋਈ ਬਹੁਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਦੀ ਛੋਟੀ ਜਿਹੀ ਉਦਾਹਰਨ ਹੈ ਕਿ ਮੌਜੂਦਾ ਸਮੇਂ ਪੰਜਾਬ ਵਰਗੇ ਵਿਕਸਿਤ ਸੂਬੇ ਵਿਚ ਵੀ ਮਹਿਜ਼ ਇਕ ਹੀ ਬਰੇਲ ਪ੍ਰਿੰਟਿੰਗ ਪ੍ਰੈੱਸ ਅਤੇ ਸਰਕਾਰੀ ਸਕੂਲ ਹੈ, ਜਿੱਥੇ ਬੱਚਿਆਂ ਨੂੰ ਇਸ ਲਿੱਪੀ ਰਾਹੀਂ ਪੜ੍ਹਾਇਆ ਜਾਂਦਾ ਹੈ। ਕੁਝ ਨਿੱਜੀ ਸੰਸਥਾਵਾਂ ਵੀ ਹਨ ਪਰ ਜ਼ਿਆਦਾਤਰ ਇਹ ਲਾਭ ਲਈ ਕੰਮ ਕਰ ਰਹੀਆਂ ਹਨ।

ਇਥੇ ਇਹ ਅੰਕੜਾ ਬਹੁਤ ਹੀ ਨਿਰਾਸ਼ਤਾ ਨਾਲ ਲਿਖਿਆ ਜਾ ਰਿਹਾ ਹੈ ਕਿ ਤਕਨੀਕ ਅਤੇ ਹੋਰ ਵਸੀਲਿਆਂ ਦੇ ਵਿਕਾਸ ਹੋਣ ਦੇ ਬਾਵਜੂਦ ਹਾਲੇ ਵੀ ਕਾਫੀ ਗਿਣਤੀ ਵਿਚ ਆਮ ਨੇਤਰਹੀਣ ਲੋਕ ਵੀ ਬ੍ਰੇਲ ਨੂੰ ਨਹੀਂ ਜਾਣਦੇ। ਇਕ ਅੰਦਾਜ਼ੇ ਮੁਤਾਬਿਕ ਪੂਰੇ ਵਿਸ਼ਵ ਵਿਚ ਨੇਤਰਹੀਣ ਵਿਅਕਤੀਆਂ ਦੀ ਗਿਣਤੀ ਇਸ ਸਮੇਂ 18 ਮਿਲੀਅਨ ਤੋਂ ਵੱਧ ਹੈ। ਜਿਸ ਵਿਚੋਂ ਭਾਰਤ ਵਿਚ ਲਗਭਗ 12 ਮਿਲੀਅਨ ਨੇਤਰਹੀਣ ਲੋਕ ਹਨ। ਇਹ ਅੰਕੜਾ ਭਾਰਤ ਨੂੰ ਵਿਸ਼ਵ ਦੀ ਇਕ ਤਿਹਾਈ ਨੇਤਰਹੀਣ ਲੋਕਾਂ ਦੀ ਆਬਾਦੀ ਦਾ ਘਰ ਬਣਾਉਂਦਾ ਹੈ। ਭਾਰਤ ਵਿਚ ਘੱਟੋ-ਘੱਟ 2,00,000 ਬੱਚਿਆਂ ਵਿਚ ਗੰਭੀਰ ਨੇਤਰਹੀਣਤਾ ਜਾਂ ਅੰਨ੍ਹਾਪਨ ਹੈ, ਜਿਨ੍ਹਾਂ ਵਿਚੋਂ ਲਗਭਗ 15,000 ਨੇਤਰਹੀਣ ਬੱਚੇ ਹੀ ਸਕੂਲਾਂ ਵਿਚ ਹਨ। ਬਾਕੀਆਂ ਦਾ ਵਿਵਹਾਰਕ ਗਿਆਨ ਵਾਲਾ ਬਸਤਾ ਖਾਲੀ ਹੀ ਹੈ ਜੋ ਕਿ ਸੋਚਣ ਲਈ ਇਕ ਗੰਭੀਰ ਵਿਸ਼ਾ ਹੈ।

ਇਕੱਲੇ ਅਮਰੀਕਾ ਵਰਗੇ ਦੇਸ਼ ਵਿਚ ਵੀ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਸਿਰਫ 10 ਫ਼ੀਸਦੀ ਦ੍ਰਿਸ਼ਟੀਹੀਣ ਲੋਕ ਇਸ ਪ੍ਰਣਾਲੀ ਨੂੰ ਜਾਣਦੇ ਹਨ। ਸਹੀ ਸੰਖਿਆ ਅਨਿਸਚਿਤ ਹੈ ਪਰ ਨੈਸ਼ਨਲ ਫੈਡਰੇਸ਼ਨ ਫਾਰ ਦਾ ਬਲਾਈਂਡ ਦੇ ਇਕ ਅਧਿਐਨ ਦਾ ਅੰਦਾਜ਼ਾ ਹੈ ਕਿ ਸਕੂਲੀ ਉਮਰ ਦੇ ਬੱਚਿਆਂ ਦੇ ਮਾਮਲੇ ਵਿਚ, ਸਿਰਫ 10 ਫ਼ੀਸਦੀ ਨੂੰ ਬ੍ਰੇਲ ਭਾਸ਼ਾ ਸਿਖਾਈ ਜਾਂਦੀ ਹੈ। ਇਸ ਦੇ ਕਈ ਕਾਰਨ ਹਨ, ਜਿਸ ਵਿਚ ਅਧਿਆਪਕਾਂ ਦੀ ਘਾਟ, ਆਡੀਓ ਕਿਤਾਬਾਂ ਅਤੇ ਤਕਨਾਲੋਜੀ ਦੀ ਵਧਦੀ ਵਰਤੋਂ ਅਤੇ ਵਾਧੂ ਅਸਮਰੱਥਤਾਵਾਂ ਵਰਗੀਆਂ ਚੀਜ਼ਾਂ ਦੇ ਕਾਰਨ ਸਿਸਟਮ ਵਿਚ ਮੁਹਾਰਤ ਹਾਸਲ ਕਰਨ ਵਿਚ ਆ ਰਹੀਆਂ ਮੁਸ਼ਕਿਲਾਂ ਸ਼ਾਮਿਲ ਹਨ। ਫਿਰ ਵੀ, ਬਹੁਤ ਸਾਰੇ ਲੋਕ ਚਿੰਨ੍ਹਾਂ ਨੂੰ ਪੜ੍ਹਨ ਅਤੇ ਚੀਜ਼ਾਂ ਨੂੰ ਲੇਬਲ ਕਰਨ ਦੇ ਯੋਗ ਹੋਣ ਲਈ ਮੂਲ ਬ੍ਰੇਲ ਚਿੰਨ੍ਹ ਸਿੱਖਦੇ ਹਨ।

ਇਸ ਲੇਖ ਦਾ ਮਕਸਦ ਇਹ ਹੈ ਕਿ ਬ੍ਰੇਲ ਲਿੱਪੀ ਜਾਂ ਭਾਸ਼ਾ ਬਾਰੇ ਅਕਸਰ ਕੁਝ ਸਵਾਲ ਸਾਹਮਣੇ ਆਉਂਦੇ ਹਨ ਕਿ ਇਹ ਕਿਵੇਂ ਕੰਮ ਕਰਦੀ ਹੈ? ਇਸ ਮਹੱਤਵਪੂਰਨ ਵਿਸ਼ੇ ਬਾਰੇ ਲੋਕਾਂ ਨੂੰ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਬਰੇਲ ਉਨ੍ਹਾਂ ਲੋਕਾਂ ਦੁਆਰਾ ਪੜ੍ਹਨ ਅਤੇ ਲਿਖਣ ਲਈ ਵਰਤੇ ਜਾਂਦੇ ਉੱਚੇ (ਉੱਭਰੇ) ਹੋਏ ਬਿੰਦੂਆਂ ਦੀ ਪ੍ਰਣਾਲੀ ਹੈ ਜੋ ਨੇਤਰਹੀਣ ਜਾਂ ਗੰਭੀਰ ਰੂਪ ਤੋਂ ਕਮਜ਼ੋਰ ਵਿਅਕਤੀ ਉਂਗਲਾਂ ਨਾਲ ਪੜ੍ਹਦੇ ਹਨ, ਹਾਲਾਂਕਿ ਅਭਿਆਸ ਨਾਲ ਦ੍ਰਿਸ਼ਟੀ ਵਾਲੇ ਲੋਕ ਇਸ ਨੂੰ ਆਪਣੀਆਂ ਅੱਖਾਂ ਨਾਲ ਵੀ ਪੜ੍ਹ ਸਕਦੇ ਹਨ। ਅੱਖਰ, ਨੰਬਰ, ਵਿਰਾਮ ਚਿੰਨ੍ਹ ਅਤੇ ਹੋਰ ਬਹੁਤ ਸਾਰੇ ਚਿੰਨ੍ਹ ਬਰੇਲ ਨਾਲ ਲਿਖੇ ਜਾ ਸਕਦੇ ਹਨ। ਹਰੇਕ ਅੱਖਰ ਜਾਂ ਪ੍ਰਤੀਕ ਬਰੇਲ ਸੈੱਲ ਵਜੋਂ ਜਾਣੇ ਜਾਂਦੇ ਬਿੰਦੀਆਂ ਦੇ ਇਕ ਵਿਸ਼ੇਸ਼ ਪੈਟਰਨ ਦੁਆਰਾ ਬਣਾਇਆ ਜਾਂਦਾ ਹੈ, ਜੋ ਕਿ ਡਾਈਸ ਉੱਤੇ ਛੇ ਵਰਗਾ ਹੁੰਦਾ ਹੈ। ਬਿੰਦੀਆਂ ਨੂੰ 1 ਤੋਂ 6 ਤੱਕ ਅੰਕਿਤ ਕੀਤਾ ਗਿਆ ਹੈ। ਉੱਪਰ ਤੋਂ ਹੇਠਾਂ ਤੱਕ, ਬਿੰਦੀਆਂ 1, 2, ਅਤੇ 3 ਖੱਬੇ ਕਾਲਮ 'ਤੇ ਹਨ ਅਤੇ ਬਿੰਦੀਆਂ 4, 5 ਅਤੇ 6 ਸੱਜੇ ਕਾਲਮ 'ਤੇ ਹਨ। ਅੱਖਰ ਅਤੇ ਅੱਖਰ ਇਨ੍ਹਾਂ ਬਿੰਦੀਆਂ ਦੇ ਸੁਮੇਲ ਨਾਲ ਲਿਖੇ ਜਾਂਦੇ ਹਨ।

ਆਮ ਤੌਰ 'ਤੇ ਕਈ ਲੋਕਾਂ ਵਲੋਂ ਸਵਾਲ ਕੀਤਾ ਜਾਂਦਾ ਹੈ ਕਿ, ਕੀ ਬਰੇਲ ਇਕ ਵੱਖਰੀ ਭਾਸ਼ਾ ਹੈ? ਇਥੇ ਇਹ ਦੱਸਿਆ ਜਾਣਾ ਜ਼ਰੂਰੀ ਹੈ ਕਿ ਨੇਤਰਹੀਣ ਲੋਕਾਂ ਲਈ, ਬਰੇਲ ਪ੍ਰਿੰਟ ਦੇ ਬਰਾਬਰ ਹੈ ਜਿਵੇਂ ਸਟੈਂਡਰਡ ਪ੍ਰਿੰਟ ਦੇ ਨਾਲ ਬਰੇਲ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਲਿਖਿਆ ਜਾ ਸਕਦਾ ਹੈ। ਬਰੇਲ ਅੰਗਰੇਜ਼ੀ, ਸਪੈਨਿਸ਼, ਚੀਨੀ, ਫ੍ਰੈਂਚ ਆਦਿ ਸਮੇਤ ਲਗਭਗ ਹਰ ਭਾਸ਼ਾ ਵਿਚ ਉਪਲਬਧ ਹੈ। ਇਕ ਅਧਿਐਨ ਮੁਤਾਬਿਕ ਦੁਨੀਆ ਭਰ ਦੀਆਂ ਸਾਰੀਆਂ ਕਿਤਾਬਾਂ ਵਿਚੋਂ ਸਿਰਫ 5 ਫ਼ੀਸਦੀ ਬ੍ਰੇਲ ਸਮੇਤ ਬਦਲਵੇਂ ਫਾਰਮੈਟਾਂ (ਪ੍ਰਾਰੂਪਾਂ) ਵਿਚ ਉਪਲਬਧ ਹਨ। ਸਹਾਇਕ ਤਕਨਾਲੋਜੀ ਜਿਵੇਂ ਬਰੇਲ ਐਮਬੌਸਰ ਅਤੇ ਬਰੇਲ ਡਿਸਪਲੇਅ - ਦੋਵੇਂ ਉਪਕਰਨ ਜੋ ਬਰੇਲ ਬਣਾਉਣ ਲਈ ਵਰਤੇ ਜਾਂਦੇ ਹਨ, ਬ੍ਰੇਲ ਪਾਠਕਾਂ ਲਈ ਬਹੁਤ ਸਾਰੀਆਂ ਸਮੱਗਰੀਆਂ ਤੱਕ ਪਹੁੰਚ ਕਰਨਾ ਆਸਾਨ ਬਣਾਉਂਦੇ ਹਨ। ਅਜੇ ਵੀ, ਜਾਗਰੂਕਤਾ ਫੈਲਾਉਣ ਅਤੇ ਕਿਤਾਬਾਂ ਅਤੇ ਹੋਰ ਪ੍ਰਕਾਸ਼ਨਾਂ ਨੂੰ ਬਰੇਲ ਵਿਚ ਆਸਾਨੀ ਨਾਲ ਉਪਲਬਧ ਕਰਾਉਣ ਲਈ ਹੋਰ ਬਹੁਤ ਕੁਝ ਕਰਨਾ ਬਾਕੀ ਹੈ।

ਭਵਿੱਖ ਵਿਚ ਬਰੇਲ ਹੋਣ ਵਾਲੇ ਤਕਨੀਕੀ ਵਿਕਾਸ ਨੂੰ ਮੁੱਖ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਬਰੇਲ ਹਮੇਸ਼ਾ ਮਹੱਤਵਪੂਰਨ ਹੈ ਅਤੇ ਰਹੇਗੀ। ਇਹ ਸਾਡੇ ਵਿਚੋਂ ਜੋ ਨਹੀਂ ਦੇਖ ਸਕਦੇ ਉਨ੍ਹਾਂ ਨੂੰ ਪੜ੍ਹੇ-ਲਿਖੇ ਹੋਣ ਅਤੇ ਸੰਸਾਰ ਨਾਲ ਜੁੜਨ ਦੇ ਸਮਰੱਥ ਬਣਾਉਂਦਾ ਹੈ। ਆਓ, ਅਸੀਂ ਕੋਸ਼ਿਸ਼ ਕਰੀਏ ਕਿ ਜੋ ਵਿਅਕਤੀ (ਖ਼ਾਸ ਕਰਕੇ ਬੱਚੇ) ਬਿਲਕੁਲ ਨੇਤਰਹੀਣ ਹਨ ਉਨ੍ਹਾਂ ਤੱਕ ਪੜ੍ਹਾਈ ਜ਼ਰੀਆ ਬਰੇਲ ਲਿੱਪੀ ਪਹੁੰਚਾਉਣ ਦਾ ਯਤਨ ਕਰੀਏ। ਵੱਧ ਤੋਂ ਵੱਧ ਨਿੱਜੀ ਸੰਸਥਾਵਾਂ ਇਸ ਲਈ ਅੱਗੇ ਆਉਣ ਤਾਂ ਜੋ ਕੋਈ ਵੀ ਯੋਗ ਬੱਚਾ ਜਾਂ ਵਿਅਕਤੀ ਗਿਆਨ ਤੋਂ ਵਾਂਝਾ ਨਾ ਰਹੇ।

-ਮੋ: 94639-91401
ਈਮੇਲ - psnathowal@gmail.com

---

# ਭ੍ਰਿਸ਼ਟਾਚਾਰ ਦੀ ਬੁਨਿਆਦ ਹੈ ਚੋਣਾਂ 'ਤੇ ਹੁੰਦਾ ਬੇਸ਼ੁਮਾਰ ਖ਼ਰਚ



**ਅਭੈ ਕੁਮਾਰ ਦੂਬੇ**

ਅੱਜ ਤੇ ਅਗਲੇ ਹਫ਼ਤੇ ਦੇ ਇਸ ਕਾਲਮ ਵਿਚ ਅਸੀਂ ਰਾਜਨੀਤਕ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦੇ ਵਪਾਰੀਕਰਨ 'ਤੇ ਚਰਚਾ ਕਰਾਂਗੇ। ਉੱਤਰ ਪ੍ਰਦੇਸ਼ 'ਚ ਕਨੌਜ ਇਤਰ ਦੇ ਉਦਯੋਗ ਅਤੇ ਵਪਾਰ ਲਈ ਜਾਣਿਆ ਜਾਂਦਾ ਹੈ। ਕਹਾਵਤ ਹੈ ਕਿ ਕਨੌਜ ਦੀਆਂ ਨਾਲੀਆਂ 'ਚੋਂ ਵੀ ਸੁਗੰਧ ਆਉਂਦੀ ਹੈ, ਪਰ ਇਸ ਸਮੇਂ ਇਤਰ ਦੀ ਇਹ ਨਗਰੀ ਕਾਲੇ ਧਨ, ਜੀ.ਐਸ.ਟੀ. ਦੀ ਚੋਰੀ, ਚੁਣਾਵੀ ਦਾਅ-ਪੇਚ ਦੀ ਬਦਬੂ ਅਤੇ ਗੰਧਲੀ ਰਾਜਨੀਤੀ ਲਈ ਬਦਨਾਮ ਹੋ ਰਹੀ ਹੈ। ਕਿਆਸ ਇਹ ਲਗਾਇਆ ਜਾ ਰਿਹਾ ਹੈ ਕਿ ਪੀਯੂਸ਼ ਜੈਨ ਨਾਂਅ ਦੇ ਜਿਸ ਇਤਰ ਵਪਾਰੀ ਦੇ ਘਰ ਛਾਪੇ ਪਏ ਹਨ, ਉਹ ਸਮਾਜਵਾਦੀ ਪਾਰਟੀ ਨਾਲ ਸੰਬੰਧ ਰੱਖਦੇ ਹਨ ਜਾਂ ਭਾਰਤੀ ਜਨਤਾ ਪਾਰਟੀ ਨਾਲ। ਇਸ ਚਰਚਾ 'ਤੇ ਕੋਈ ਟਿੱਪਣੀ ਨਾ ਕਰਦਿਆਂ ਇੱਥੇ ਸਮਝਣ ਦੀ ਗੱਲ ਇਹ ਹੈ ਕਿ ਜੇਕਰ ਪਿਛਲੇ ਪੰਜਾਹ ਸਾਲਾਂ 'ਚ ਅਸੀਂ ਚੋਣਾਂ ਲੜਨ ਦਾ ਇਕ ਕਿਫ਼ਾਇਤੀ ਮਾਡਲ ਵਿਕਸਿਤ ਕਰ ਲਿਆ ਹੁੰਦਾ ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸੰਭਾਵਨਾ ਹੀ ਖ਼ਤਮ ਹੋ ਜਾਣੀ ਸੀ। ਇਸ ਦੇ ਉਲਟ ਹੋਇਆ ਇਹ ਹੈ ਕਿ ਚੋਣ ਪ੍ਰਚਾਰ ਬਹੁਤ ਮਹਿੰਗਾ ਹੁੰਦਾ ਗਿਆ। ਚੋਣਾਂ ਲੜਨ ਲਈ ਹਰ ਪਾਰਟੀ ਅਤੇ ਹਰ ਨੇਤਾ ਨੂੰ ਬਹੁਤ ਸਾਰੀ 'ਪੁਲੀਟੀਕਲ ਮਨੀ' ਦੀ ਜ਼ਰੂਰਤ ਪੈਂਦੀ ਹੈ। ਦਰਅਸਲ ਰਾਜਨੀਤੀ ਕਰਨ ਲਈ ਪੈਸਿਆਂ ਦੀ ਜ਼ਰੂਰਤ ਏਨੀ ਵਧ ਗਈ ਹੈ ਕਿ ਰਾਜ ਸੱਤਾ ਦੀ ਦੌੜ ਉਨ੍ਹਾਂ ਤੱਤਾਂ 'ਤੇ ਨਿਰਭਰ ਹੋਣ ਲਈ ਮਜਬੂਰ ਹੈ, ਜਿਨ੍ਹਾਂ ਦੇ ਹੱਥਾਂ 'ਚ ਛੁਪੇ ਹੋਏ ਗ਼ੈਰ-ਕਾਨੂੰਨੀ ਖ਼ਜ਼ਾਨਿਆਂ ਦੀਆਂ ਚਾਬੀਆਂ ਹੁੰਦੀਆਂ ਹਨ। ਮੁੱਖ ਤੌਰ 'ਤੇ ਇਸੇ ਕਾਰਨ ਇਕ ਪਾਰਦਰਸ਼ੀ ਸਰਬਜਨਕ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਭਾਰਤ 'ਚ ਰਾਜਨੀਤੀ ਕਰਨ ਵਾਲੀ ਇਕ ਰਾਜਨੀਤਕ ਜਮਾਤ ਉੱਭਰ ਆਈ ਹੈ। ਆਪਸ ਵਿਚ ਵਿਚਾਰਧਾਰਾ ਦੇ ਮਤਭੇਦਾਂ ਦੇ ਬਾਵਜੂਦ ਇਹ ਵਰਗ 'ਪੁਲੀਟੀਕਲ ਮਨੀ' ਉਗਰਾਹੁਣ 'ਚ ਨਿਪੁੰਨ ਹਨ। ਉਹ ਰਾਜਨੀਤੀ 'ਚ ਧਨ ਲਗਾਉਂਦੇ ਹਨ, ਰਾਜਨੀਤੀ ਤੋਂ ਧਨ ਕਮਾਉਂਦੇ ਹਨ। ਇਸੇ ਪ੍ਰਕਿਰਿਆ 'ਚ ਭਾਰਤ ਦੀ ਦਲ ਪ੍ਰਣਾਲੀ, ਕਾਰਪੋਰੇਟ ਜਗਤ ਅਤੇ ਸ਼ੰਕਾਵਾਂ ਦੇ ਦਾਅਰੇ 'ਚ ਆਉਣ ਵਾਲੇ ਸ੍ਰੋਤਾਂ ਤੋਂ ਧਨ ਕਮਾਉਣ ਵਾਲੇ ਲੋਕਾਂ ਦੀ ਤਾਕਤਵਰ ਦੁਨੀਆ ਉਨ੍ਹਾਂ ਦੀ ਮਦਦ ਕਰਦੀ ਹੈ। ਚੋਣ ਕਮਿਸ਼ਨ ਦੇ ਸਾਹਮਣੇ ਦਿੱਤੇ ਗਏ ਜ਼ਰੂਰੀ ਹਲਫ਼ਨਾਮੇ ਇਸ 'ਪੁਲੀਟੀਕਲ ਮਨੀ' ਦਾ ਜਿਉਂਦਾ-ਜਾਗਦਾ ਸਬੂਤ ਹਨ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ 'ਪੁਲੀਟੀਕਲ ਮਨੀ' ਨੇ ਸਾਡੇ ਰਾਜਨੀਤਕ ਜੀਵਨ ਨੂੰ ਦੋ ਭਾਗਾਂ 'ਚ ਵੰਡ ਦਿੱਤਾ ਹੈ। ਇਕ ਪਾਸੇ ਉਹ ਹਨ ਜੋ ਚੋਣਾਂ ਲੜਦੇ ਹਨ ਜਾਂ ਲੜ ਸਕਦੇ ਹਨ ਅਤੇ ਦੂਜੇ ਪਾਸੇ ਉਹ ਹਨ ਜੋ ਹਮੇਸ਼ਾ ਵੋਟਰ ਬਣੇ ਰਹਿਣ ਲਈ ਮਜਬੂਰ ਹਨ।

ਅਜਿਹਾ ਕੋਈ ਵਿਅਕਤੀ, ਚਾਹੇ ਉਸ ਦਾ ਸਮਾਜਿਕ ਪਿਛੋਕੜ ਦਲਿਤਾਂ ਦਾ ਹੋਵੇ ਜਾਂ ਪਛੜਿਆਂ ਦਾ ਜਾਂ ਉੱਚੀਆਂ ਜਾਤਾਂ ਦਾ; ਕਿਸੇ ਪਾਰਟੀ ਤੋਂ ਟਿਕਟ ਲੈ ਹੀ ਨਹੀਂ ਸਕਦਾ ਜੇਕਰ ਉਸ ਦੇ ਕੋਲ 'ਪੁਲੀਟੀਕਲ ਮਨੀ' ਨਾ ਹੋਵੇ। ਜਿਵੇਂ ਹੀ ਉਹ ਕਿਸੇ ਦਲ ਦੀ ਹਾਈਕਮਾਨ ਸਾਹਮਣੇ ਟਿਕਟ ਲੈਣ ਲਈ ਆਪਣੀ ਦਾਅਵੇਦਾਰੀ ਪੇਸ਼ ਕਰਦਾ ਹੈ, ਸਭ ਤੋਂ ਪਹਿਲਾਂ ਉਸ ਦੀ ਆਰਥਿਕ ਹਾਲਤ ਦਾ ਪਤਾ ਲਗਾਇਆ ਜਾਂਦਾ ਹੈ। ਜੇਕਰ ਉਹ ਆਪਣੀਆਂ ਚੋਣਾਂ 'ਚ ਘੱਟ ਤੋਂ ਘੱਟ ਇਕ ਕਰੋੜ ਰੁਪਏ ਖ਼ਰਚ ਕਰਨ ਦਾ ਇੰਤਜ਼ਾਮ ਕਰ ਸਕਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਉਸ ਦੇ ਕੋਲ ਘੱਟ ਤੋਂ ਘੱਟ ਵਿਧਾਨ ਸਭਾ ਦੀ ਟਿਕਟ ਹਾਸਲ ਕਰਨ ਦੀ ਕਾਬਲੀਅਤ ਹੈ। ਅਜਿਹੀ ਗੱਲ ਨਹੀਂ ਹੈ ਕਿ ਚੋਣਾਂ ਸਿਰਫ਼ ਇਕ ਕਰੋੜ ਰੁਪਏ ਨਾਲ ਹੀ ਲੜ ਲਈਆਂ ਜਾਣਗੀਆਂ। ਪਾਰਟੀ ਵੀ ਉਸ 'ਚ ਆਪਣੀ ਆਰਥਿਕ ਤਾਕਤ ਜੋੜੇਗੀ। ਉਮੀਦਵਾਰ ਦੀ ਆਪਣੀ ਆਰਥਿਕ ਤਾਕਤ ਅਤੇ ਪਾਰਟੀ ਦੀ ਆਰਥਿਕ ਤਾਕਤ ਮਿਲ ਕੇ ਉਸ 'ਪੁਲੀਟੀਕਲ ਮਨੀ' ਦੀ ਰਚਨਾ ਕਰਨਗੇ, ਜਿਸ ਨਾਲ ਚੁਣਾਵੀ ਰਾਜਨੀਤੀ ਚੱਲੇਗੀ। ਜੇਕਰ ਚੋਣਾਂ ਲੋਕ ਸਭਾ ਦੀਆਂ ਹਨ ਤਾਂ ਸਮਝ ਲਓ ਕਿ ਇਕ ਕਰੋੜ ਨਾਲ ਵੀ ਕੰਮ ਨਹੀਂ ਚੱਲਣ ਵਾਲਾ। ਉਮੀਦਵਾਰ ਨੂੰ ਅਸਲ 'ਚ ਕਰੋੜਪਤੀ ਹੋਣਾ ਚਾਹੀਦਾ ਹੈ ਭਾਵ ਪੰਜ-ਦਸ ਕਰੋੜ ਨਿੱਜੀ ਤੌਰ 'ਤੇ ਖ਼ਰਚ ਕਰਨ ਦੀ ਹੈਸੀਅਤ ਜਿਸ ਦੀ ਨਹੀਂ ਹੋਵੇਗੀ, ਉਸ ਲਈ ਚੋਣ ਟਿਕਟ ਹਾਸਲ ਕਰਨਾ ਲਗਭਗ ਨਾਮੁਮਕਿਨ ਹੀ ਹੈ।

ਕਰੋੜਪਤੀਆਂ ਦੀ ਸੂਚੀ ਦੇਖਣੀ ਹੋਵੇ ਤਾਂ ਜਿਨ੍ਹਾਂ ਨੂੰ ਟਿਕਟਾਂ ਮਿਲੀਆਂ ਹਨ, ਉਨ੍ਹਾਂ ਦੀ ਸੂਚੀ ਦੇਖ ਲਓ। ਉਨ੍ਹਾਂ ਦੀ ਜੀਵਨ-ਸ਼ੈਲੀ 'ਤੇ ਨਜ਼ਰ ਪਾਉਣ 'ਤੇ ਪਤਾ ਲੱਗੇਗਾ ਕਿ ਇਸ ਸੂਚੀ 'ਚ ਕੀਮਤੀ ਵਿਦੇਸ਼ੀ ਕਾਰਾਂ ਦੇ ਮਾਲਕਾਂ, ਵਿਦੇਸ਼ਾਂ ਤੋਂ ਦਰਾਮਦ ਮਹਿੰਗੀਆਂ ਰਾਈਫਲਾਂ ਦੇ ਮਾਲਕਾਂ, ਅਰਬੀ ਘੋੜਿਆਂ ਦੇ ਅਸਤਬਲ ਰੱਖਣ ਵਾਲਿਆਂ, ਵੱਡੇ-ਵੱਡੇ ਹੋਟਲਾਂ ਅਤੇ ਸੈਰਗਾਹਾਂ ਦੇ ਮਾਲਕਾਂ, ਦੁਰਲੱਭ ਚਿੜੀਆਂ ਦਾ ਵਪਾਰ ਕਰਨ 'ਚ ਕਰੋੜਾਂ ਖ਼ਰਚ ਕਰਨ ਵਾਲਿਆਂ, ਆਧੁਨਿਕ ਜ਼ਿਮੀਂਦਾਰ ਭਾਵ ਪੂੰਜੀਪਤੀ-ਕਿਸਾਨਾਂ, ਮੱਧ ਵਰਗੀ ਉਦਯੋਗਪਤੀਆਂ, ਪੈਟਰੋਲ ਪੰਪਾਂ ਦੇ ਮਾਲਕਾਂ, ਟਰੱਕਾਂ ਅਤੇ ਬੱਸਾਂ ਦਾ ਧੰਦਾ ਕਰਨ ਵਾਲਿਆਂ, ਕਰੋੜਾਂ ਦੀ ਠੇਕੇਦਾਰੀ ਕਰਨ ਵਾਲਿਆਂ ਦੇ ਨਾਂਅ ਮਿਲਣਗੇ ਅਤੇ ਇਸ ਮਾਮਲੇ 'ਚ ਕੋਈ ਵੀ ਪਾਰਟੀ ਪਿੱਛੇ ਨਹੀਂ ਹੈ। ਜੇਕਰ ਪੰਜਾਬ ਦੀਆਂ ਚੋਣਾਂ ਦੇ ਉਮੀਦਵਾਰਾਂ ਦੀ ਸੂਚੀ ਵੱਲ ਦੇਖੀਏ ਤਾਂ ਉਹ ਵੱਡੇ ਤੋਂ ਵੱਡੇ ਅਮੀਰਾਂ ਦੀ ਸੂਚੀ ਨਾਲ ਭਰੀ ਪਈ ਹੈ, ਦੂਜੇ ਪਾਸੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੇ ਉਮੀਦਵਾਰਾਂ ਦੀ ਸੂਚੀ ਵੀ ਕੋਈ ਪਿੱਛੇ ਨਹੀਂ ਹੈ।

ਇਹ ਠੀਕ-ਠੀਕ ਦੱਸ ਸਕਣਾ ਮੁਸ਼ਕਿਲ ਹੈ ਕਿ ਰਾਜਨੀਤੀ ਦੇ ਇਸ ਨਵੇਂ ਅਮੀਰੀਕਰਨ ਵਾਲੇ ਢਾਂਚੇ ਦੀ ਸ਼ੁਰੂਆਤ ਕਦੋਂ ਅਤੇ ਕਿੱਥੋਂ ਹੋਈ? 1952 ਦੀਆਂ ਚੋਣਾਂ 'ਚ ਲੋਕ ਸਭਾ ਖੇਤਰ ਬਹੁਤ ਵੱਡੇ-ਵੱਡੇ ਹੁੰਦੇ ਸਨ, ਪਰ ਉਦੋਂ ਉਮੀਦਵਾਰ ਇਕ ਜਾਂ ਦੋ ਜੀਪਾਂ ਦੀ ਮਦਦ ਨਾਲ ਚੋਣਾਂ ਲੜ ਲਿਆ ਕਰਦੇ ਸਨ। ਫਿਰ ਹੌਲੀ-ਹੌਲੀ ਵਿਧਾਨ ਸਭਾ ਪੱਧਰ 'ਤੇ ਜੀਪਾਂ ਦੀ ਗਿਣਤੀ ਪੰਜ ਹੋ ਗਈ, ਭਾਵ ਇਕ ਲੋਕ ਸਭਾ ਦੀ ਚੋਣ ਲੜਨ ਲਈ 25 ਜੀਪਾਂ ਦੀ ਜ਼ਰੂਰਤ ਪੈਣ ਲੱਗੀ। ਅੱਜਕਲ੍ਹ ਇਹ ਗਿਣਤੀ ਬੇਹਿਸਾਬ ਹੋ ਗਈ ਹੈ। ਸਮਝਿਆ ਜਾਂਦਾ ਹੈ ਕਿ ਕਾਂਗਰਸ ਦਾ ਦਬਦਬਾ ਖ਼ਤਮ ਤੋਂ ਬਾਅਦ ਅਤੇ ਗੱਠਜੋੜ ਰਾਜਨੀਤੀ ਦੇ ਆਉਣ ਨਾਲ ਪਹਿਲਾਂ ਪੈਦਾ ਹੋਈ ਰਾਜਨੀਤਕ ਅਸਥਿਰਤਾ ਦੇ ਜ਼ਮਾਨੇ ਨੇ ਇਸ ਸਿਲਸਿਲੇ ਨੂੰ ਸਭ ਤੋਂ ਜ਼ਿਆਦਾ ਵਧਾਇਆ। ਇਹੀ ਉਹ ਸਮਾਂ ਸੀ, ਜਦੋਂ ਚੋਣਾਂ ਵਾਰ-ਵਾਰ ਅਤੇ ਜਲਦੀ-ਜਲਦੀ ਹੋਣ ਲੱਗੀਆਂ। ਸਰਕਾਰ ਬਣਾਉਣ ਅਤੇ ਬਹੁਮਤ ਦਾ ਜੁਗਾੜ ਕਰਨ ਲਈ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਖ਼ਰੀਦਣਾ ਜ਼ਰੂਰੀ ਹੋ ਗਿਆ। ਇਸੇ ਮਿਆਦ 'ਚ 'ਪੁਲੀਟੀਕਲ ਮਨੀ' ਦੀ ਧਾਰਨਾ ਸਾਹਮਣੇ ਆਈ, ਕਿਉਂਕਿ ਇਕ ਚੋਣਾਂ ਜਿੱਤਣ ਤੋਂ ਬਾਅਦ ਤੁਰੰਤ ਕਿਸੇ ਵੀ ਸਮੇਂ ਹੋ ਸਕਣ ਵਾਲੀਆਂ ਦੂਜੀਆਂ ਚੋਣਾਂ ਲਈ ਆਰਥਿਕ ਸਾਧਨ ਜੁਟਾਉਣਾ ਜ਼ਰੂਰੀ ਹੋ ਗਿਆ ਹੈ। ਦੋ ਚੋਣਾਂ ਵਿਚਾਲੇ ਪਹਿਲਾਂ ਪੰਜ ਸਾਲ ਦੀ ਮਿਆਦ ਹੁੰਦੀ ਸੀ, ਜੋ ਘਟ ਕੇ ਡੇਢ ਜਾਂ ਦੋ ਸਾਲ ਰਹਿ ਗਈ। ਦੂਜਾ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਆਮ ਤੌਰ 'ਤੇ ਵੱਖ-ਵੱਖ ਹੋਣ ਲੱਗੀਆਂ। ਇਸ ਕਾਰਨ ਵੀ ਚੋਣਾਂ ਦੀ ਗਿਣਤੀ ਵਧੀ। ਪਾਰਟੀਆਂ ਅਤੇ ਉਮੀਦਵਾਰਾਂ ਦੇ ਲਗਾਤਾਰ ਚੋਣਾਂ ਦੇ ਰੌਂ 'ਚ ਰਹਿਣ ਕਾਰਨ ਉਹ ਦੋ-ਦੋ ਚੋਣਾਂ ਵਿਚਾਲੇ ਹੋਣ ਵਾਲੀ ਰਚਨਾਤਮਿਕ ਰਾਜਨੀਤੀ ਦੇ ਮੁਹਾਵਰੇ ਤੋਂ ਵਾਂਝੇ ਹੋ ਗਏ। ਚੋਣਾਂ 'ਚ ਖ਼ਰਚ ਕਰਨ ਲਈ ਬੇਹਿਸਾਬ 'ਪੁਲੀਟੀਕਲ ਮਨੀ' ਬਿਨਾਂ ਭ੍ਰਿਸ਼ਟਾਚਾਰ ਕੀਤੇ ਜਮ੍ਹਾਂ ਨਹੀਂ ਸੀ ਕੀਤੀ ਜਾ ਸਕਦੀ। ਸਰਬਜਨਕ ਜੀਵਨ 'ਚ ਭ੍ਰਿਸ਼ਟਾਚਾਰ ਦੀ ਜਿਸ ਭਿਆਨਕ ਸਮੱਸਿਆ ਨਾਲ ਸਾਰਾ ਦੇਸ਼ ਜੂਝ ਰਿਹਾ ਹੈ, ਉਸ ਦੀ ਜੜ੍ਹ ਵਿਚ ਨਿਸ਼ਚਿਤ ਤੌਰ 'ਤੇ ਇਹੀ ਵਰਤਾਰਾ ਹੈ।

ਇਸ ਸਮੱਸਿਆ ਦਾ ਹੱਲ ਕੀ ਹੈ? ਇਕ ਸੁਝਾਅ ਇਹ ਦਿੱਤਾ ਜਾਂਦਾ ਹੈ ਕਿ ਸਰਕਾਰ ਚੋਣਾਂ ਲੜਨ ਲਈ ਧਨ ਉਮੀਦਵਾਰਾਂ ਨੂੰ ਮੁਹੱਈਆ ਕਰਵਾਏ ਅਤੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਬਰਾਬਰ-ਬਰਾਬਰ ਧਨ ਵੰਡ ਦਿੱਤਾ ਜਾਵੇ। ਇਸ ਦੇ ਨਾਲ ਹੀ ਚੋਣਾਂ ਦੌਰਾਨ ਹੋਰ ਸ੍ਰੋਤਾਂ ਤੋਂ ਖ਼ਰਚ ਹੋਣ ਵਾਲੇ ਧਨ 'ਤੇ ਕੜੀ ਨਿਗਰਾਨੀ ਰੱਖੀ ਜਾਵੇ। ਪਹਿਲੀ ਨਜ਼ਰ 'ਚ ਇਹ ਸੁਝਾਅ ਕਾਰਗਰ ਹੋਣ ਦੀਆਂ ਸੰਭਾਵਨਾਵਾਂ ਨਾਲ ਸਹੀ ਲਗਦਾ ਹੈ, ਪਰ ਇਸ ਨੂੰ ਵਿਹਾਰਕ ਬਣਾਉਣ ਲਈ ਜ਼ਰੂਰੀ ਚਿੰਤਨ ਦੀ ਅਜੇ ਵੀ ਸ਼ੁਰੂਆਤ ਨਹੀਂ ਕੀਤੀ ਗਈ। ਚੋਣ ਪ੍ਰਕਿਰਿਆ 'ਤੇ ਜਦੋਂ ਤੱਕ 'ਪੁਲੀਟੀਕਲ ਮਨੀ' ਹਾਵੀ ਰਹੇਗੀ, ਭ੍ਰਿਸ਼ਟਾਚਾਰ ਦੀ ਸਮੱਸਿਆ ਤੋਂ ਛੁਟਕਾਰੇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਗਲੇ ਹਫ਼ਤੇ ਰਾਜਨੀਤੀ ਦੇ ਵਪਾਰੀਕਰਨ ਦੇ ਵਿਗਾੜ 'ਤੇ ਰੌਸ਼ਨੀ ਪਾਈ ਜਾਵੇਗੀ।

(ਲੇਖਕ ਵਿਕਾਸਸ਼ੀਲ ਸਮਾਜ ਅਧਿਐਨ ਬੈਂਚ (ਸੀ.ਐਸ.ਡੀ.ਐਸ.) 'ਚ ਭਾਸ਼ਾ ਪ੍ਰੋਗਰਾਮ ਦਾ ਨਿਰਦੇਸ਼ਕ ਅਤੇ ਪ੍ਰੋਫ਼ੈਸਰ ਹੈ।)
E. mail : abhaydubey@csds.in

---

# ਸੰਪਾਦਕ ਦੇ ਨਾਂਅ

### ਸਿਆਸੀ ਪਾਰਾ

ਜਿਉਂ-ਜਿਉਂ ਸਰਦੀ ਵਧ ਰਹੀ ਹੈ, ਪੰਜਾਬ 'ਚ ਤਿਉਂ-ਤਿਉਂ ਸਿਆਸੀ ਪਾਰਾ ਚੜ੍ਹਦਾ ਜਾ ਰਿਹਾ ਹੈ। ਸਿਆਸੀ ਲੋਕ ਪ੍ਰਚਾਰ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਦਿੰਦੇ। ਬੇਸ਼ੱਕ 2017 ਵਿਚ ਵੀ ਤਿਕੋਣਾ ਮੁਕਾਬਲਾ ਸੀ ਪਰ ਲੋਕ-ਫ਼ਤਵਾ ਰਵਾਇਤੀ ਪਾਰਟੀ ਕਾਂਗਰਸ ਦੇ ਹੱਕ ਵਿਚ ਗਿਆ ਸੀ। ਭਾਵੇਂ ਕੈਪਟਨ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਕਿਤੇ ਨਾ ਕਿਤੇ ਮੁਨਕਰ ਹੋਈ ਪਰ ਇਸ ਵਾਰ ਫਿਰ ਆਪਣਾ ਸਿਆਸੀ ਭਵਿੱਖ ਅਜ਼ਮਾਉਣ ਲਈ ਪੱਬਾਂ ਭਾਰ ਹੈ। ਕਿਤੇ ਨਾ ਕਿਤੇ ਵਿਧਾਨ ਸਭਾ ਚੋਣਾਂ ਤੇ ਕਿਸਾਨੀ ਸੰਘਰਸ਼ ਦਾ ਪ੍ਰਛਾਵਾਂ ਵੀ ਪਏਗਾ ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ, ਫਿਲਹਾਲ ਤਿੰਨੇ ਪਾਰਟੀਆਂ ਪੂਰੇ ਜੋਸ਼ ਨਾਲ ਮੈਦਾਨ ਵਿਚ ਉਤਰੀਆਂ ਹਨ। 'ਆਪ' ਇਸ ਵਾਰ ਫਿਰ ਆਪਣੇ ਬਹੁਤ ਸਾਰੇ ਪੁਰਾਣੇ ਮੈਂਬਰਾਂ 'ਤੇ ਵਿਸ਼ਵਾਸ ਜਤਾ ਕੇ ਸਿਆਸੀ ਦਾਅ ਖੇਡ ਰਹੀ ਹੈ ਪਰ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਣਾ ਪਿਛਲੀ ਵਾਰ ਵਾਲੀ ਗ਼ਲਤੀ ਹੀ ਦੁਬਾਰਾ ਦੁਹਰਾਈ ਜਾ ਰਹੀ ਹੈ, ਜਿਸ ਦਾ ਖਮਿਆਜ਼ਾ ਇਸ ਵਾਰ ਵੀ ਭੁਗਤਣਾ ਪੈ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਆਪਣੀ ਗੁਆਚੀ ਹੋਈ ਸ਼ਾਖ਼ ਨੂੰ ਮੁੜ ਲੱਭਣਾ ਚਾਹੁੰਦਾ ਹੈ, ਜਿਸ ਲਈ ਕਾਫ਼ੀ ਮਿਹਨਤ ਦੀ ਲੋੜ ਹੈ। ਯਾਦ ਰਹੇ ਅਕਾਲੀ ਦਲ ਦੇ ਕਈ ਦਿੱਗਜ਼ ਨੇਤਾ ਪਾਰਟੀ ਦਾ ਪੱਲਾ ਛੱਡ ਚੁੱਕੇ ਹਨ ਤੇ ਕਈ ਵਾਪਸ ਆ ਰਹੇ ਹਨ। ਕਾਂਗਰਸ ਵਿਚ ਕੈਪਟਨ ਸਾਹਿਬ ਦਾ ਅਸਤੀਫ਼ਾ ਕਾਂਗਰਸ ਲਈ ਕਾਫੀ ਮਹਿੰਗਾ ਸਾਬਤ ਹੋਵੇਗਾ ਕਿਉਂਕਿ ਵਾਅਦੇ ਵਫ਼ਾ ਨਹੀਂ ਹੋਏ।

**-ਜਸਬੀਰ ਦੱਧਾਹੂਰ**
*ਪਿੰਡ ਤੇ ਡਾਕ. ਦੱਧਾਹੂਰ, ਤਹਿ. ਰਾਏਕੋਟ, ਜ਼ਿਲ੍ਹਾ ਲੁਧਿਆਣਾ।*

### ਓਮੀਕਰੋਨ ਦਾ ਵਧਦਾ ਖ਼ਤਰਾ

ਪੂਰੀ ਦੁਨੀਆ ਲਗਭਗ ਦੋ ਸਾਲਾਂ ਤੋਂ ਕੋਵਿਡ-19 ਮਹਾਂਮਾਰੀ ਨੂੰ ਝੱਲ ਰਹੀ ਹੈ, ਜਿਸ ਨੇ ਪੂਰੀ ਦੁਨੀਆ ਵਿਚ ਤਹਿਲਕਾ ਮਚਾਇਆ ਹੋਇਆ ਹੈ। ਇਸ ਦੌਰਾਨ ਮੌਜੂਦਾ ਸਮੇਂ ਓਮੀਕਰੋਨ ਵੈਰੀਏਂਟ ਦਾ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਫੈਲਣਾ ਜ਼ਰੂਰ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਕੋਰੋਨਾ ਦਾ ਇਹ ਰੂਪ ਕਈ ਗੁਣਾ ਜ਼ਿਆਦਾ ਤੇਜ਼ੀ ਨਾਲ ਫੈਲਦਾ ਹੈ ਤੇ ਭਿਆਨਕ ਤਬਾਹੀ ਮਚਾ ਰਿਹਾ ਹੈ। ਸਾਨੂੰ ਸਭ ਨੂੰ ਹੀ ਪਹਿਲਾਂ ਵਾਂਗ ਪੂਰੀ ਸਾਵਧਾਨੀ ਵਰਤਣ ਦੀ ਲੋੜ ਹੈ ਤਾਂ ਜੋ ਇਸ ਵੈਰੀਏਂਟ ਤੋਂ ਬਚਿਆ ਜਾ ਸਕੇ। ਇਸ ਲਈ ਸਾਨੂੰ ਮਾਸਕ, ਉਚਿਤ ਦੂਰੀ ਤੇ ਸਾਫ਼-ਸਫ਼ਾਈ ਦਾ ਜ਼ਿਆਦਾ ਧਿਆਨ ਰੱਖਣਾ ਪਵੇਗਾ ਤਾਂ ਜੋ ਇਸ ਦੇ ਬੁਰੇ ਪ੍ਰਭਾਵ ਤੋਂ ਸਾਡੀ ਰੱਖਿਆ ਹੋ ਸਕੇ।

**-ਅਰਵਿੰਦਰ ਸਿੰਘ ਰਾਏਕੋਟ**

### ਅਣਅਧਿਕਾਰਤ ਥਾਵਾਂ 'ਤੇ ਬੱਸਾਂ ਖੜ੍ਹੀਆਂ ਕਰਨ ਬਾਰੇ

ਬੱਸਾਂ ਅਤੇ ਹੋਰ ਵਾਹਨਾਂ ਦੇ ਡਰਾਈਵਰ ਆਮ ਤੌਰ 'ਤੇ ਨਿਰਧਾਰਤ ਥਾਵਾਂ ਤੋਂ ਬਿਨਾਂ ਹੋਰ ਥਾਵਾਂ 'ਤੇ ਬੱਸਾਂ ਖੜ੍ਹੀਆਂ ਕਰ ਦਿੰਦੇ ਨੇ ਜੋ ਕਿ ਹੋਰਨਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਜਿਥੇ ਵੀ ਸਵਾਰੀ ਖੜ੍ਹੀ ਹੋਵੇ, ਉਥੇ ਹੀ ਬੱਸਾਂ ਰੋਕ ਕੇ ਸਵਾਰੀਆਂ ਚੜ੍ਹਾਉਣਾ ਆਮ ਹੀ ਗੱਲ ਹੈ। ਇਸ ਦੀ ਪ੍ਰਮੁੱਖ ਉਦਾਹਰਨ ਮੇਰਾ ਆਪਣਾ ਸ਼ਹਿਰ ਮੋਗਾ ਹੈ। ਮੋਗੇ ਦੇ ਮੁੱਖ ਬੱਸ ਅੱਡੇ ਤੋਂ ਸਿਰਫ਼ 30 ਮੀਟਰ ਦੀ ਦੂਰੀ 'ਤੇ ਪਾਰਕਿੰਗ ਨੂੰ ਜਾਂਦੇ ਰਸਤੇ 'ਤੇ ਬੱਸਾਂ ਦਾ ਜਮਾਵੜਾ ਲੱਗਿਆ ਰਹਿੰਦਾ ਹੈ ਅਤੇ ਸਵਾਰੀਆਂ ਵੀ ਖੜ੍ਹੀਆਂ ਰਹਿੰਦੀਆਂ ਹਨ। ਕਾਰ/ਬਾਈਕ ਵਾਲਿਆਂ ਨੂੰ ਰਸਤਾ ਨਹੀਂ ਦਿੱਤਾ ਜਾਂਦਾ ਅਤੇ ਹਾਰਨ 'ਤੇ ਹਾਰਨ ਵਜਾਉਣ 'ਤੇ ਵੀ ਕੋਈ ਅਸਰ ਨਹੀਂ ਹੁੰਦਾ। ਲੜਾਈ-ਝਗੜੇ ਦੀ ਨੌਬਤ ਵੀ ਆ ਜਾਂਦੀ ਹੈ। ਇਥੋਂ ਤੱਕ ਕਿ ਨਾਕੇ 'ਤੇ ਖੜ੍ਹੀ ਪੁਲਿਸ ਵੀ ਮੂਕ ਦਰਸ਼ਕ ਬਣੀ ਰਹਿੰਦੀ ਹੈ। ਸੋ, ਟਰਾਂਸਪੋਰਟ ਮੰਤਰੀ, ਪ੍ਰਸ਼ਾਸਨ ਅੱਗੇ ਮੇਰਾ ਸੁਝਾਅ ਹੈ ਕਿ ਬੱਸਾਂ ਸਿਰਫ਼ ਬੱਸ ਸਟੈਂਡ ਤੋਂ ਹੀ ਸਵਾਰੀਆਂ ਚੁੱਕਣ ਅਤੇ ਸਖ਼ਤੀ ਨਾਲ ਇਸ ਗ਼ਲਤ ਵਰਤਾਰੇ ਨੂੰ ਰੋਕਿਆ ਜਾਵੇ।

**-ਅਸ਼ੋਕ ਚਟਾਨੀ**
*ਡਿਪਟੀ ਇਕਨਾਮਿਕ ਐਡਵਾਈਜ਼ਰ (ਰਿਟਾ.), ਮੋਗਾ।*

### ਰੋਟੀ, ਕੱਪੜਾ ਅਤੇ ਮਕਾਨ

ਸਾਨੂੰ ਆਪਣੇ ਜੀਵਨ ਵਿਚ ਰੋਟੀ, ਕੱਪੜੇ ਅਤੇ ਮਕਾਨ ਦੀ ਮੁੱਖ ਲੋੜ ਹੁੰਦੀ ਹੈ। ਪਰ ਅੱਜ ਦੇ ਸਮੇਂ ਵਿਚ ਇਨ੍ਹਾਂ ਤੋਂ ਇਲਾਵਾ ਦੋ ਹੋਰ ਚੀਜ਼ਾਂ ਵੀ ਇਸ ਵਿਚ ਸ਼ਾਮਿਲ ਕਰ ਲਈਆਂ ਜਾਣ ਤਾਂ ਉਸ ਨੂੰ ਕੋਈ ਵੀ ਗ਼ਲਤ ਨਹੀਂ ਕਹੇਗਾ, ਕਿਉਂਕਿ ਜੀਵਨ ਵਿਚ ਜਿੰਨੀ ਲੋੜ ਰੋਟੀ, ਕੱਪੜੇ ਅਤੇ ਮਕਾਨ ਦੀ ਹੈ, ਓਨੀ ਲੋੜ ਸਾਨੂੰ ਚੰਗੀ ਸਿਹਤ ਅਤੇ ਚੰਗੀ ਸਿੱਖਿਆ ਦੀ ਵੀ ਹੈ। ਜੇਕਰ ਅਸੀਂ ਆਪਣੀ ਜ਼ਿੰਦਗੀ ਵਿਚੋਂ ਇਹ ਚੀਜ਼ਾਂ ਮਨਫ਼ੀ ਕਰ ਦਿੰਦੇ ਹਾਂ ਤਾਂ ਅਸੀਂ ਕਦੇ ਵੀ ਵਧੀਆ ਭਵਿੱਖ ਬਾਰੇ ਨਹੀਂ ਸੋਚ ਸਕਦੇ, ਪਰ ਸਾਡੀਆਂ ਸਰਕਾਰਾਂ ਇਨ੍ਹਾਂ ਦੋਵਾਂ ਦੇ ਭਵਿੱਖ ਬਾਰੇ ਨਹੀਂ ਸੋਚ ਰਹੀਆਂ, ਇਸ ਕਰਕੇ ਹੀ ਅੱਜ ਅਧਿਆਪਕ ਤੇ ਸਿਹਤ ਵਰਕਰ ਸੜਕਾਂ 'ਤੇ ਬੈਠ ਕੇ ਆਪਣੇ ਵਧੀਆ ਭਵਿੱਖ ਲਈ ਸਰਕਾਰਾਂ ਦੇ ਹਾੜੇ ਕੱਢ ਰਹੇ ਹਨ। ਸਰਕਾਰ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਇਲਾਵਾ ਕੁਝ ਵੀ ਦਿਖਾਈ ਨਹੀਂ ਦੇ ਰਿਹਾ। ਜੇਕਰ ਇਨ੍ਹਾਂ ਮਹਿਕਮਿਆਂ ਵਿਚ ਸੁਧਾਰ ਨਹੀਂ ਹੁੰਦਾ ਤਾਂ ਪੰਜਾਬ ਕਦੇ ਵੀ ਤਰੱਕੀ ਦੀ ਰਾਹ ਦਾ ਸੁਪਨਾ ਨਾ ਵੇਖੇ। ਇਨ੍ਹਾਂ ਦੇ ਮਹਿਕਮਿਆਂ ਨੇ ਹੀ ਚੰਗਾ ਭਵਿੱਖ ਸਿਰਜਣਾ ਹੁੰਦਾ ਹੈ।

**-ਪਰਮਜੀਤ ਸੰਧੂ**
*ਥੇਹ ਤਿੱਖਾ, ਗੁਰਦਾਸਪੁਰ।*